ROZANA SAVERA NEWSPAPER

# ਰੋਜ਼ਾਨਾ ਸਵੇਰਾ

ਪੰਜਾਬੀਆਂ ਦੇ ਹੱਕ ਦੀ ਆਵਾਜ਼

ਵੀਰਵਾਰ,Thursday
30 ਮਾਰਚ 2023
ਨਾਨਕਸ਼ਾਹੀ ਸੰਮਤ-554
ਪੰਨੇ 8, ਅੰਕ 11,ਮੁੱਲ- 5.00 ਰੁਪਏ

(ਮਹੀਨਾਵਾਰ)
★ ਬਠਿੰਡਾ ★

www.Rozanasavera.com | ਪੰਜਾਬ | • ਮੁੱਖ ਸੰਪਾਦਕ- ਰਮਨਪ੍ਰੀਤ ਸਿੰਘ | • RNI. T.Code- PUNPUN04267 | • www.epaper.rozanasavera.com | • ਫੋਨ. 98032-98016

# ਸੂਬਾ ਸਰਕਾਰ ਨੇ ਹੁਣ ਤੱਕ 27,042 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ: ਮੁੱਖ ਮੰਤਰੀ

➤ 'ਵਿਹਲਾ ਮਨ, ਸ਼ੈਤਾਨ ਦਾ ਘਰ' ਹੁੰਦਾ ਹੈ, ਇਸ ਲਈ ਪੰਜਾਬ ਸਰਕਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਨ ਉਤੇ ਧਿਆਨ ਕੇਂਦਰਤ ਕਰ ਰਹੀ ਹੈ
➤ ਪੰਜਾਬ ਨੂੰ ਤਬਾਹ ਕਰਨ ਦੀ ਇੱਛਾ ਰੱਖਣ ਵਾਲਿਆਂ ਤੋਂ ਦੂਰ ਰਹਿਣ ਨੌਜਵਾਨ ➤ ਸਿੱਖਿਆ ਵਿਭਾਗ ਵਿੱਚ ਨਵ-ਨਿਯੁਕਤ 245 ਨੌਜਵਾਨਾਂ ਨੂੰ ਸੌਂਪੇ ਨਿਯੁਕਤੀ ਪੱਤਰ



ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਨੌਜਵਾਨਾਂ ਦੀ ਅਥਾਹ ਸ਼ਕਤੀ ਨੂੰ ਉਸਾਰੂ ਦਿਸ਼ਾ ਵਿੱਚ ਲਾਉਣ ਦੀ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਨੂੰ 219 ਕਲਰਕਾਂ ਅਤੇ 26 ਨੌਜਵਾਨਾਂ ਨੂੰ ਤਰਸ ਦੇ ਆਧਾਰ ਭਰਤੀ ਲਈ ਨਿਯੁਕਤੀ ਪੱਤਰ ਸੌਂਪੇ, ਜਿਸ ਨਾਲ ਹੁਣ ਤੱਕ ਸਰਕਾਰੀ ਨੌਕਰੀਆਂ ਹਾਸਲ ਕਰਨ ਵਾਲੇ ਨੌਜਵਾਨਾਂ ਦੀ ਕੁੱਲ ਗਿਣਤੀ 27,042 ਹੋ ਗਈ। ਇੱਥੇ ਮਿਊਂਸਿਪਲ ਭਵਨ ਵਿੱਚ ਸਮਾਰੋਹ ਦੌਰਾਨ ਨਿਯੁਕਤੀ ਪੱਤਰ ਸੌਂਪਣ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਵਿਹਲਾ ਮਨ, ਸ਼ੈਤਾਨ ਦਾ ਘਰ ਹੁੰਦਾ ਹੈ। ਇਸ ਲਈ ਅਸੀਂ ਵੱਧ ਤੋਂ ਵੱਧ ਨੌਜਵਾਨਾਂ ਨੂੰ ਨੌਕਰੀਆਂ ਦੇਣ ਲਈ ਕੋਸ਼ਿਸ਼ ਕਰ ਰਹੇ ਹਾਂ ਤਾਂ ਕਿ ਉਹ ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣ।

ਮੁੱਖ ਮੰਤਰੀ ਨੇ ਕਿਹਾ ਕਿ ਬੇਰੋਜ਼ਗਾਰੀ ਕਈ ਸਮਾਜਿਕ ਸਮੱਸਿਆਵਾਂ ਦੀ ਜੜ੍ਹ ਹੈ। ਇਸ ਲਈ ਸੂਬਾ ਸਰਕਾਰ ਦਾ ਧਿਆਨ ਇਸ ਨੂੰ ਖ਼ਤਮ ਕਰਨ ਉਤੇ ਲੱਗਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਆਪਣਾ ਅਹੁਦਾ ਸੰਭਾਲਣ ਦੇ ਇਕ ਸਾਲ ਦੇ ਅੰਦਰ-ਅੰਦਰ ਹੁਣ ਤੱਕ 27,042 ਸਰਕਾਰੀ ਨੌਕਰੀਆਂ ਨੌਜਵਾਨਾਂ ਨੂੰ ਦਿੱਤੀਆਂ ਜਾ ਚੁੱਕੀਆਂ ਹਨ। ਭਗਵੰਤ ਮਾਨ ਨੇ ਕਿਹਾ ਕਿ ਇਹ ਮੁਹਿੰਮ ਆਉਣ ਵਾਲੇ ਦਿਨਾਂ ਵਿੱਚ ਵੀ ਜਾਰੀ ਰਹੇਗੀ ਕਿਉਂਕਿ ਸੂਬਾ ਸਰਕਾਰ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਉਤੇ ਸਭ ਤੋਂ ਵੱਧ ਜ਼ੋਰ ਦੇ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਮਿਊਂਸਿਪਲ ਭਵਨ ਅਜਿਹੇ ਸਮਾਰੋਹਾਂ ਦਾ ਗਵਾਹ ਬਣ ਚੁੱਕਿਆ ਹੈ, ਜਿਨ੍ਹਾਂ ਵਿੱਚ ਨੌਜਵਾਨਾਂ ਨੂੰ ਵੱਖ-ਵੱਖ ਵਿਭਾਗਾਂ ਵਿੱਚ ਭਰਤੀ ਲਈ ਨਿਯੁਕਤੀ ਪੱਤਰ ਦਿੱਤੇ ਗਏ। ਉਨ੍ਹਾਂ ਕਿਹਾ ਕਿ ਇਸ ਤੋਂ ਸੂਬਾ ਸਰਕਾਰ ਦੀ ਇਹ ਵਚਨਬੱਧਤਾ ਝਲਕਦੀ ਹੈ ਕਿ ਉਹ ਨੌਜਵਾਨਾਂ ਦੀ ਭਲਾਈ ਅਤੇ ਉਨ੍ਹਾਂ ਲਈ ਰੋਜ਼ਗਾਰ ਦੇ ਨਵੇਂ ਦਿਸਹੱਦੇ ਸਿਰਜਣ ਲਈ ਯਤਨਸ਼ੀਲ ਹੈ। ਭਗਵੰਤ ਮਾਨ ਨੇ ਕਿਹਾ ਕਿ ਇਹ ਵੱਡੇ ਮਾਣ ਵਾਲੀ ਗੱਲ ਹੈ ਕਿ ਇਨ੍ਹਾਂ ਆਸਾਮੀਆਂ ਲਈ ਸਾਰੇ ਨੌਜਵਾਨਾਂ ਦੀ ਚੋਣ ਮੈਰਿਟ ਦੇ ਆਧਾਰ ਉਤੇ ਕੀਤੀ ਗਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹੁਣ ਇਹ ਨੌਜਵਾਨ ਸਰਕਾਰ ਦਾ ਅਨਿੱਖੜ ਅੰਗ ਬਣ ਗਏ ਹਨ ਅਤੇ ਹੁਣ ਉਨ੍ਹਾਂ ਨੂੰ ਮਿਸ਼ਨਰੀ ਉਤਸ਼ਾਹ ਨਾਲ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ। ਭਗਵੰਤ ਮਾਨ ਨੇ ਉਮੀਦ ਜ਼ਾਹਰ ਕੀਤੀ ਕਿ ਨਵੇਂ ਭਰਤੀ ਹੋਏ ਨੌਜਵਾਨ ਆਪਣੀ ਕਲਮ ਦੀ ਵਰਤੋਂ ਸਮਾਜ ਦੇ ਦਬੇ-ਕੁਚਲੇ ਵਰਗਾਂ ਤੇ ਲੋੜਵੰਦਾਂ ਦੀ ਮਦਦ ਲਈ ਕਰਨਗੇ। ਉਨ੍ਹਾਂ ਨਵ-ਨਿਯੁਕਤ ਉਮੀਦਵਾਰ ਨੂੰ ਪ੍ਰੇਰਿਆ ਕਿ ਉਹ ਲੋਕਾਂ ਦੀ ਵੱਧ ਤੋਂ ਵੱਧ ਮਦਦ ਕਰਨ ਤਾਂ ਕਿ ਸਮਾਜ ਦੇ ਹਰੇਕ ਵਰਗ ਨੂੰ ਇਸ ਦਾ ਫਾਇਦਾ ਮਿਲੇ। ਮੁੱਖ ਮੰਤਰੀ ਨੇ ਸਿੱਖਿਆ ਸਰਵਿਸ ਪ੍ਰੋਵਾਈਡਰਾਂ ਦੀਆਂ ਚਿੰਤਾਵਾਂ ਨੂੰ ਸ਼ਾਂਤ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਠੇਕੇ ਉਤੇ ਭਰਤੀ ਦੀ ਪ੍ਰਣਾਲੀ ਨੂੰ ਖ਼ਤਮ ਕਰ ਕੇ ਜਲਦੀ ਉਨ੍ਹਾਂ ਦੀ ਤਨਖ਼ਾਹ ਵਧਾਉਣ ਲਈ ਨੋਟੀਫਿਕੇਸ਼ਨ ਜਾਰੀ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਮਾਜ ਦੇ ਹਰੇਕ ਵਰਗ ਦੀ ਭਲਾਈ ਲਈ ਵਚਨਬੱਧ ਹੈ ਅਤੇ ਇਸ ਨੇਕ ਕਾਰਜ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਭਗਵੰਤ ਮਾਨ ਨੇ ਕਿਹਾ ਕਿ ਉਹ ਇਕ ਆਮ ਪਰਿਵਾਰ ਨਾਲ ਸਬੰਧਤ ਹਨ।

# ਅੰਮ੍ਰਿਤਪਾਲ ਹੋਇਆ ਲਾਈਵ, ਜਥੇਦਾਰ ਨੂੰ ਵਿਸਾਖੀ 'ਤੇ ਸਰਬੱਤ ਖ਼ਾਲਸਾ ਸੱਦਣ ਲਈ ਕਿਹਾ

## ਮੌਜੂਦਾ ਸਰਕਾਰ ਦੀ ਬੇਅੰਤ ਸਿੰਘ ਸਰਕਾਰ ਨਾਲ ਕੀਤੀ ਤੁਲਨਾ



ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

18 ਮਾਰਚ ਤੋਂ ਫ਼ਰਾਰ ਅੰਮ੍ਰਿਤਪਾਲ ਸਿੰਘ ਦੀ ਅੱਜ ਸੋਸ਼ਲ ਮੀਡੀਆ 'ਤੇ ਪਹਿਲੀ ਵੀਡੀਓ ਸਾਹਮਣੇ ਆਈ ਹੈ। ਇਸ ਵਿਚ ਉਸ ਨੇ ਜਿਥੇ ਪੁਲੀਸ ਵੱਲੋਂ ਸਿੱਖ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਨ ਦੀ ਆਲੋਚਨਾ ਕੀਤੀ ਹੈ, ਉਥੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਉਹ ਵਿਸਾਖੀ 'ਤੇ ਸਰਬੱਤ ਖ਼ਾਲਸਾ ਸੱਦਣ ਤੇ ਦੇਸ਼ ਵਿਦੇਸ਼ ਤੋਂ ਸੰਗਤ ਉਸ 'ਚ ਪੁੱਜੇ। ਇਸ ਦੇ ਨਾਲ ਹੀ ਉਸ ਨੇ ਕਿਹਾ ਕਿ ਮੈਂ ਚੜ੍ਹਦੀ ਕਲਾਂ ਵਿਚ ਹਾਂ ਅਤੇ ਗ੍ਰਿਫ਼ਤਾਰੀ ਵਾਹਿਗੁਰੂ ਦੇ ਹੱਥ ਹੈ।

**ਪੰਜਾਬ ਸਰਕਾਰ ਨੇ ਹਾਈਕੋਰਟ 'ਚ ਦਾਖਲ ਕੀਤਾ ਹਲਫ਼ਨਾਮਾ**

ਅੰਮ੍ਰਿਤਪਾਲ ਦੇ ਮਾਮਲੇ ਵਿਚ ਪੰਜਾਬ ਹਰਿਆਣਾ ਹਾਈਕੋਰਟ 'ਚ ਹੋਈ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਹਲਫ਼ਨਾਮਾ ਦਾਖਲ ਕਰ ਦਿੱਤਾ ਹੈ। ਜਦਕਿ ਅੰਮ੍ਰਿਤਪਾਲ ਦਾ ਵਕੀਲ ਆਪਣਾ ਜਵਾਬ ਦਾਖਲ ਨਹੀਂ ਕਰ ਸਕਿਆ ਹੈ ਅਤੇ ਜਵਾਬ ਦਾਖਲ ਕਰਨ ਲਈ ਹੋਰ ਸਮਾਂ ਮੰਗਿਆਹੈ। ਜਿਸ ਤੋਂ ਬਾਅਦ ਅਦਾਲਤ ਵਲੋਂ ਇਸ ਮਾਮਲੇ ਦੀ ਸੁਣਵਾਈ 11 ਅਪ੍ਰੈਲ ਨੂੰ ਬਾਕੀ ਮਾਮਲਿਆਂ ਦੇ ਨਾਲ ਕਰਨ ਦਾ ਹੁਕਮ ਦਿੱਤਾ ਹੈ।

# 17 ਮਈ ਨੂੰ ਹੋਵੇਗੀ ਜਲੰਧਰ ਦੀ ਜ਼ਿਮਨੀ ਚੋਣ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਚੋਣ ਕਮਿਸ਼ਨ ਵਲੋਂ ਜਲੰਧਰ ਲੋਕ ਸਭਾ ਹਲਕੇ 'ਤੇ ਹੋਣ ਵਾਲੀ ਜ਼ਿਮਨੀ ਚੋਣ ਦਾ ਐਲਾਨ ਕਰ ਦਿੱਤਾ ਗਿਆ। ਚੋਣ ਕਮਿਸ਼ਨ ਵਲੋਂ ਕੀਤੇ ਗਏ ਐਲਾਨ ਮੁਤਾਬਕ 10 ਮਈ ਦਿਨ ਬੁੱਧਵਾਰ ਨੂੰ ਵੋਟਿੰਗ ਹੋਵੇਗੀ। ਇਸ ਜ਼ਿਮਨੀ ਚੋਣ ਦਾ ਨਤੀਜਾ 13 ਮਈ ਨੂੰ ਐਲਾਨਿਆ ਜਾਵੇਗਾ। ਚੋਣ ਕਮਿਸ਼ਨ ਵਲੋਂ ਜ਼ਿਮਨੀ ਚੋਣ ਦੀ ਤਾਰੀਖ਼ ਦੇ ਐਲਾਨ ਦੇ ਨਾਲ ਹੀ ਜਲੰਧਰ ਵਿਚ ਚੋਣ ਜ਼ਾਬਤਾ ਲੱਗ ਗਿਆ ਹੈ। ਦੱਸਣਯੋਗ ਹੈ ਕਿ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਲਈ ਕਾਂਗਰਸ ਨੇ ਉਮੀਦਵਾਰ ਦਾ ਐਲਾਨ ਕਰ ਦਿੱਤਾ ਹੈ। ਕਾਂਗਰਸ ਵਲੋਂ ਮਰਹੂਮ ਚੌਧਰੀ ਸੰਤੋਖ ਸਿੰਘ ਦੀ ਪਤਨੀ ਕਰਮਜੀਤ ਕੌਰ ਨੂੰ ਉਮੀਦਵਾਰ ਐਲਾਨਿਆ ਗਿਆ ਹੈ।

**ਹੋਰ ਕਿਸੇ ਪਾਰਟੀ ਨੇ ਨਹੀਂ ਐਲਾਨਿਆ ਉਮੀਦਵਾਰ**

ਇਥੇ ਹੋਣ ਵਾਲੀ ਜ਼ਿਮਨੀ ਚੋਣ ਲਈ ਭਾਵੇਂ ਕਾਂਗਰਸ ਨੇ ਉਮਦੀਵਾਰ ਨੂੰ ਮੈਦਾਨ ਵਿਚ ਉਤਾਰ ਦਿੱਤਾ ਹੈ ਪਰ ਅਜੇ ਤਕ ਹੋਰ ਕਿਸੇ ਪਾਰਟੀ ਨੇ ਇਥੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਹੈ। ਇਥੋਂ ਤਕ ਸੱਤਾਧਾਰੀ ਆਮ ਆਦਮੀ ਪਾਰਟੀ ਨੇ ਵੀ ਇਥੇ ਅਜੇ ਤਕ ਉਮੀਦਵਾਰ ਨਹੀਂ ਐਲਾਨਿਆ ਹੈ।

**ਸੰਤੋਖ ਸਿੰਘ ਚੌਧਰੀ ਦੇ ਦਿਹਾਂਤ ਤੋਂ ਬਾਅਦ ਖਾਲ੍ਹੀ ਹੋਈ ਸੀ ਲੋਕ ਸਭਾ ਸੀਟ**

ਦੱਸਣਯੋਗ ਹੈ ਕਿ ਜਲੰਧਰ ਲੋਕ ਸਭਾ ਹਲਕੇ ਤੋਂ ਮੈਂਬਰ ਪਾਰਲੀਮੈਂਟ ਅਤੇ ਕਾਂਗਰਸੀ ਆਗੂ ਸੰਤੋਖ ਸਿੰਘ ਚੌਧਰੀ ਦਾ ਲੰਘੀਂ 14 ਜਨਵਰੀ ਨੂੰ ਉਸ ਸਮੇਂ ਦੇਹਾਂਤ ਹੋ ਗਿਆ ਸੀ ਜਦੋਂ ਉਹ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਵਿਚ ਸ਼ਿਰਕਤ ਕਰਨ ਪਹੁੰਚੇ ਹੋਏ ਸਨ। ਇਸ ਦੌਰਾਨ ਉਨ੍ਹਾਂ ਨੂੰ ਦਿਲ ਦਾ ਦੌਰਾ ਪੈ ਗਿਆ। ਜਿਸ ਤੋਂ ਬਾਅਦ ਉਨ੍ਹਾਂ ਦੇ ਸੁਰੱਖਿਆ ਦਸਤੇ ਵਲੋਂ ਤੁਰੰਤ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।

# ਭਗਵੰਤ ਮਾਨ ਨੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਕੋਲ ਪ੍ਰਸਤਾਵਿਤ ਵਾਟਰ ਸੈੱਸ ਦਾ ਮੁੱਦਾ ਉਠਾਇਆ

## ਦੋਵੇਂ ਮੁੱਖ ਮੰਤਰੀ ਸ੍ਰੀ ਆਨੰਦਪੁਰ ਸਾਹਿਬ-ਨੈਨਾ ਦੇਵੀ ਜੀ ਅਤੇ ਪਠਾਨਕੋਟ-ਡਲਹੌਜ਼ੀ ਰੋਪਵੇਅ ਸਥਾਪਤ ਕਰਨ ਲਈ ਸਹਿਮਤ



ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹਿਮਾਚਲ ਪ੍ਰਦੇਸ਼ ਵੱਲੋਂ ਹਾਈਡਰੋ ਪਾਵਰ ਪਲਾਂਟਾਂ 'ਤੇ ਪ੍ਰਸਤਾਵਿਤ ਵਾਟਰ ਸੈੱਸ ਲਾਉਣ ਦਾ ਮੁੱਦਾ ਬੁੱਧਵਾਰ ਨੂੰ ਪਹਾੜੀ ਰਾਜ ਦੇ ਆਪਣੇ ਹਮਰੁਤਬਾ ਸੁਖਵਿੰਦਰ ਸੁੱਖੂ ਕੋਲ ਉਠਾਇਆ।

ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਅੱਜ ਸਵੇਰੇ ਭਗਵੰਤ ਮਾਨ ਨਾਲ ਉਨ੍ਹਾਂ ਦੀ ਸਰਕਾਰੀ ਰਿਹਾਇਸ਼ 'ਤੇ ਮੁਲਾਕਾਤ ਕੀਤੀ।

ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ ਪਣ-ਬਿਜਲੀ ਪਲਾਂਟਾਂ 'ਤੇ ਪ੍ਰਸਤਾਵਿਤ ਵਾਟਰ ਸੈੱਸ ਲਾਗੂ ਕਰਨ ਬਾਰੇ ਸੂਬੇ ਦੀ ਚਿੰਤਾ ਜ਼ਾਹਰ ਕੀਤੀ। ਭਗਵੰਤ ਮਾਨ ਨੇ ਕਿਹਾ ਕਿ ਇਸ ਨੂੰ ਲਾਗੂ ਨਹੀਂ ਕੀਤਾ ਜਾਣਾ ਚਾਹੀਦਾ ਕਿਉਂਕਿ ਇਹ ਸੂਬੇ ਦੇ ਹਿੱਤਾਂ ਖ਼ਿਲਾਫ਼ ਹੈ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਵਾਟਰ ਸੈੱਸ ਸਿਰਫ਼ ਉਨ੍ਹਾਂ ਦੇ ਆਪਣੇ ਸੂਬੇ ਦੇ ਪਣ-ਬਿਜਲੀ ਪਲਾਂਟਾਂ 'ਤੇ ਲਗਾਇਆ ਜਾਵੇਗਾ ਅਤੇ ਕਿਹਾ ਕਿ ਇਹ ਪੰਜਾਬ ਵਿੱਚ ਲਾਗੂ ਨਹੀਂ ਹੋਵੇਗਾ।

ਮਸਲੇ ਦੇ ਹੱਲ ਲਈ ਦੋਵਾਂ ਮੁੱਖ ਮੰਤਰੀਆਂ ਨੇ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਕਿ ਰਾਜਾਂ ਦੇ ਮੁੱਖ ਸਕੱਤਰ ਅਤੇ ਬਿਜਲੀ ਸਕੱਤਰ ਹਰ ਪੰਦਰਵਾੜੇ ਬਾਅਦ ਮੀਟਿੰਗ ਕਰਨਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਰਾਜਾਂ ਵਿਚਕਾਰ ਕੋਈ ਝਗੜਾ ਨਾ ਹੋਵੇ। ਉਨ੍ਹਾਂ ਕਿਹਾ ਕਿ ਦੋਵਾਂ ਰਾਜਾਂ ਦੇ ਉੱਚ ਅਧਿਕਾਰੀ ਰਾਜਾਂ ਨੂੰ ਦਰਪੇਸ਼ ਮੁੱਦਿਆਂ ਨੂੰ ਆਪਸੀ ਤਾਲਮੇਲ ਨਾਲ ਹੱਲ ਕਰਨਗੇ ਤਾਂ ਜੋ ਉਨ੍ਹਾਂ ਵਿਚਕਾਰ ਕਿਸੇ ਮਸਲੇ ਉਤੇ ਕੋਈ ਮਤਭੇਦ ਨਾ ਰਹੇ। ਦੋਵਾਂ ਮੁੱਖ ਮੰਤਰੀਆਂ ਨੇ ਦੋਵਾਂ ਰਾਜਾਂ ਦੇ ਲੋਕਾਂ ਨੂੰ ਲਾਭ ਪਹੁੰਚਾਉਣ ਲਈ ਵੱਖ-ਵੱਖ ਖੇਤਰਾਂ ਵਿੱਚ ਆਪਸੀ ਸਹਿਯੋਗ ਲਈ ਸਹਿਮਤੀ ਪ੍ਰਗਟਾਈ।

ਇਕ ਹੋਰ ਮੁੱਦਾ ਚੁੱਕਦਿਆਂ ਮੁੱਖ ਮੰਤਰੀ ਨੇ ਸ੍ਰੀ ਆਨੰਦਪੁਰ ਸਾਹਿਬ ਅਤੇ ਨੈਨਾ ਦੇਵੀ ਜੀ ਵਿਚਕਾਰ ਰੋਪਵੇਅ ਦੀ ਵਕਾਲਤ ਕੀਤੀ ਤਾਂ ਜੋ ਦੋਵਾਂ ਰਾਜਾਂ ਨੂੰ ਆਪਸੀ ਲਾਭ ਹੋ ਸਕੇ। ਉਨ੍ਹਾਂ ਕਿਹਾ ਕਿ ਰੋਪਵੇਅ ਨਾਲ ਇਨ੍ਹਾਂ ਦੋਵਾਂ ਇਤਿਹਾਸਕ ਅਤੇ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਲੱਖਾਂ ਸ਼ਰਧਾਲੂਆਂ ਨੂੰ ਸਹੂਲਤ ਮਿਲੇਗੀ। ਦੋਵੇਂ ਮੁੱਖ ਮੰਤਰੀਆਂ ਨੇ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਕਿ ਇਹ ਪ੍ਰਾਜੈਕਟ ਦੋਵਾਂ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਦੀ ਯਾਤਰਾ ਨੂੰ ਸੁਖਾਲਾ ਬਣਾਵੇਗਾ।

# ਰਾਘਵ ਚੱਢਾ ਨਾਲ ਵਿਆਹ ਬਾਰੇ ਪੁੱਛਣ 'ਤੇ ਸ਼ਰਮਾ ਗਈ ਪਰਿਨੀਤੀ ਚੋਪੜਾ



ਮੁੰਬਈ,
-ਰੋਜ਼ਾਨਾ ਸਵੇਰਾ-

ਬਾਲੀਵੁੱਡ ਅਭਿਨੇਤਰੀ ਪਰਿਨੀਤੀ ਨੂੰ ਜਦੋਂ ਰਾਜ ਸਭਾ ਮੈਂਬਰ ਅਤੇ ਆਮ ਆਦਮੀ ਪਾਰਟੀ (ਆਪ) ਦੇ ਨੇਤਾ ਰਾਘਵ ਚੱਢਾ ਨਾਲ ਉਸ ਦੇ ਵਿਆਹ ਦੀਆਂ ਅਫਵਾਹਾਂ ਬਾਰੇ ਪੁੱਛਿਆ ਤਾਂ ਉਹ ਸ਼ਰਮਾ ਗਈ। ਮਸ਼ਹੂਰ ਫੋਟੋਗ੍ਰਾਫਰ ਭਯਾਨੀ ਨੇ ਇੰਸਟਾਗ੍ਰਾਮ 'ਤੇ ਵੀਡੀਓ ਸ਼ੇਅਰ ਕੀਤੀ ਹੈ, ਜਿਸ 'ਚ ਪਰਿਨੀਤੀ ਏਅਰਪੋਰਟ ਤੋਂ ਬਾਹਰ ਨਿਕਲਣ ਤੋਂ ਬਾਅਦ ਆਪਣੀ ਕਾਰ 'ਚ ਬੈਠੀ ਨਜ਼ਰ ਆ ਰਹੀ ਹੈ। ਕਈ ਫੋਟੋਗ੍ਰਾਫਰਾਂ ਨੇ ਉਸ ਦੇ ਵਿਆਹ ਦੀਆਂ ਖ਼ਬਰਾਂ ਬਾਰੇ ਪੁੱਛਿਆ। ਇਸ 'ਤੇ ਉਸ ਨੇ ਮੁਸਕਰਾਹਟ ਦਿੱਤੀ ਤੇ ਸ਼ਰਮਾ ਗਈ।

# ਪੀ.ਆਰ.ਟੀ.ਸੀ. ਦੇ ਚੇਅਰਮੈਨ ਹਡਾਣਾ ਵੱਲੋਂ ਪਟਿਆਲਾ ਦੇ ਬੱਸ ਸਟੈਂਡ ਦੀ ਅਚਨਚੇਤ ਚੈਕਿੰਗ



ਪਟਿਆਲਾ,
-ਰੋਜ਼ਾਨਾ ਸਵੇਰਾ-

ਪੀ.ਆਰ.ਟੀ.ਸੀ. ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਪਟਿਆਲਾ ਦੇ ਬੱਸ ਅੱਡੇ ਦੀ ਅਚਨਚੇਤ ਚੈਕਿੰਗ ਕੀਤੀ। ਇਸ ਮੌਕੇ ਉਨ੍ਹਾਂ ਦੇ ਨਾਲ ਵਧੀਕ ਮੈਨੇਜਿੰਗ ਡਾਇਰੈਕਟਰ ਚਰਨਜੋਤ ਸਿੰਘ ਵਾਲੀਆ ਵੀ ਮੌਜੂਦ ਸਨ। ਚੇਅਰਮੈਨ ਹਡਾਣਾ ਨੇ ਚੈਕਿੰਗ ਦੌਰਾਨ ਬੱਸ ਅੱਡੇ ਦੀ ਗੰਦਗੀ ਨੂੰ ਦੇਖਦੇ ਹੋਏ, ਖਾਸ ਤੌਰ 'ਤੇ ਪਖਾਨਿਆਂ ਦੇ ਬਲਾਕ ਸਹੀ ਤਰੀਕੇ ਨਾਲ ਸਾਫ਼ ਨਾ ਹੋਣ ਦਾ ਗੰਭੀਰ ਨੋਟਿਸ ਲੈਂਦਿਆਂ ਹੋਇਆ ਫੌਰੀ ਤੌਰ 'ਤੇ ਨਿਯਮਾਂ ਤਹਿਤ ਜੁਰਮਾਨਾ/ਕਾਰਵਾਈ ਕਰਨ ਦੇ ਆਦੇਸ਼ ਦਿੱਤੇ। ਇਸ ਮੌਕੇ ਉਨ੍ਹਾਂ ਆਮ ਲੋਕਾਂ ਤੋਂ ਸਾਇਕਲ ਸਟੈਂਡ ਦੇ ਠੇਕੇਦਾਰ ਵੱਲੋਂ ਵਹੀਕਲ ਪਾਰਕਿੰਗ ਲਈ ਵਾਧੂ ਚਾਰਜ ਵਸੂਲਣ ਦੀਆਂ ਮਿਲ ਰਹੀਆਂ ਸ਼ਿਕਾਇਤ ਸਬੰਧੀ ਮੌਕੇ 'ਤੇ ਜਾਕੇ ਸਾਈਕਲ ਸਟੈਂਡ ਦੀ ਚੈਕਿੰਗ ਕੀਤੀ ਤਾਂ ਪਾਰਕਿੰਗ ਸਟੈਂਡ ਦੇ ਠੇਕੇਦਾਰ ਨੂੰ ਦੋਸ਼ੀ ਪਾਇਆ ਗਿਆ। ਜਿਸ ਸਬੰਧੀ ਕਾਰਵਾਈ ਕਰਦੇ ਹੋਏ ਠੇਕੇਦਾਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ।

ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਇਸ ਮੌਕੇ ਕਈ ਮਿੰਨੀ ਬੱਸਾਂ ਦੀ ਚੈਕਿੰਗ ਵੀ ਕੀਤੀ ਅਤੇ ਚੈਕਿੰਗ ਮੌਕੇ ਜਿਨ੍ਹਾਂ ਬੱਸ ਚਾਲਕਾਂ ਕੋਲ ਪੂਰੇ ਕਾਗਜ਼ਾਤ ਅਤੇ ਟਾਈਮ ਟੇਬਲ ਨਹੀਂ ਸਨ ਉਹਨਾਂ ਵਿਰੁੱਧ ਵੀ ਆਰ.ਟੀ.ਏ ਪਟਿਆਲਾ ਨੂੰ ਸਖਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ। ਇਸ ਤੋਂ ਇਲਾਵਾ ਬੱਸ ਅੱਡੇ ਦੀ ਚੈਕਿੰਗ ਦੌਰਾਨ ਇਹ ਵੀ ਪਾਇਆ ਗਿਆ ਕਿ ਕੁੱਝ ਪ੍ਰਾਈਵੇਟ ਓਪਰੇਟਰਾਂ ਦੀਆਂ ਬੱਸਾਂ ਕਾਫੀ ਲੰਮੇ ਸਮੇਂ ਤੋਂ ਬਿਨ੍ਹਾਂ ਪਾਰਕਿੰਗ ਫੀਸ ਦਿੱਤੇ ਪਾਰਕ ਕੀਤੀਆਂ ਹੋਈਆਂ ਸਨ, ਜਿਸ ਸਬੰਧੀ ਬੱਸਾਂ ਦੇ ਮਾਲਕਾਂ ਨੂੰ ਨੋਟਿਸ ਜਾਰੀ ਕਰਦੇ ਹੋਏ ਬਣਦੀ ਅੱਡਾ ਫੀਸ ਜਮ੍ਹਾਂ ਕਰਵਾਉਣ ਦੇ ਹੁਕਮ ਕੀਤੇ ਗਏ।

# ਸਾਬਕਾ ਚੇਅਰਮੈਨ ਕੇ.ਕੇ ਸ਼ਰਮਾ ਦੀ ਅਗਵਾਈ ਵਿੱਚ ਆਸ਼ੂਤੋਸ਼ ਗੌਤਮ ਦਾ ਹੋਇਆ ਸਨਮਾਨ



ਕੇ.ਕੇ ਸ਼ਰਮਾ ਅਤੇ ਹੋਰ ਆਗੂ ਆਸ਼ੂਤੋਸ਼ ਗੌਤਮ ਨੂੰ ਸਨਮਾਨਿਤ ਕਰਦੇ ਹੋਏ।

ਪਟਿਆਲਾ,
-ਰੋਜ਼ਾਨਾ ਸਵੇਰਾ-

ਪੀ.ਆਰ.ਟੀ.ਸੀ ਦੇ ਸਾਬਕਾ ਚੇਅਰਮੈਨ ਕੇ.ਕੇ ਸ਼ਰਮਾ ਦੀ ਅਗਵਾਈ ਹੇਠ ਕਾਲੀ ਮਾਤਾ ਮੰਦਰ ਵਿਖੇ ਸਥਾਪਿਤ ਸ਼ਿਵ ਸ਼ਕਤੀ ਸੇਵਾ ਦਲ ਲੰਗਰ ਕਮੇਟੀ ਦਾ ਪ੍ਰਧਾਨ ਬਣਾਏ ਜਾਣ ਤੇ ਅਦਾਲਤ ਬਾਜ਼ਾਰ ਵਿਖੇ ਭਰਵਾ ਸਨਮਾਨ ਕੀਤਾ ਗਿਆ। ਇਸ ਮੌਕੇ ਕੇ.ਕੇ ਸ਼ਰਮਾ ਨੇ ਕਿਹਾ ਕਿ ਬੜੀ ਖੁਸ਼ੀ ਦੀ ਗੱਲ ਹੈ ਕਿ ਇਕ ਇਮਾਨਦਾਰ ਅਤੇ ਸਹੀ ਸੋਚ ਵਾਲੇ ਵਿਅਕਤੀ ਨੂੰ ਇਸ ਉੱਚ ਅਹੁਦੇ ਤੇ ਬਿਰਾਜਮਾਨ ਕੀਤਾ ਗਿਆ ਹੈ। ਜਿਸ ਲਈ ਸਮੂਹ ਪਟਿਆਲਵੀ ਵਧਾਈ ਦੇ ਪਾਤਰ ਹਨ। ਇਸ ਮੌਕੇ ਆਸ਼ੂਤੋਸ਼ ਗੌਤਮ ਨੇ ਸਮੂਹ ਆਗੂਆਂ ਅਤੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਮਿਲੀ ਹੋਈ, ਇਸ ਅਹਿਮ ਜ਼ਿੰਮੇਵਾਰੀ ਨੂੰ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ। ਇਸ ਮੌਕੇ ਅਨਿਲ ਮੰਗਲਾ, ਪਿੰਕੀ ਪੰਡਤ, ਸ਼ੰਮੀ ਡੈਨਟਰ, ਸ਼ੇਰ ਖਾਨ, ਨਿਖਿਲ ਕਾਕਾ, ਕਰਨ ਗੌੜ, ਅਸ਼ੋਕ ਗਰਗ, ਵਿਜੈ ਗੋਇਲ, ਅਨਿਲ ਬਜਾਜ, ਰਾਜੀਵ ਸ਼ਰਮਾ, ਸੰਦੀਪ ਸ਼ਰਮਾ, ਜਸਵਿੰਦਰ ਜੁਲਕਾ, ਊਧਮ ਸਿੰਘ, ਸੂਰਜ ਮਦਾਨ, ਕ੍ਰਿਸ਼ਨ ਕੁਮਾਰ, ਅਨਿਲ ਬਿੱਟੂ, ਰਜਿੰਦਰ ਪੱਪ, ਭੁਪਿੰਦਰ ਗੁਪਤਾ, ਰਾਜ ਕੁਮਾਰ, ਰਮੇਸ਼ ਕੁਮਾਰ, ਟੈਗੋਰ ਪਵਾਰ, ਸੁਰਿੰਦਰ ਡੱਬੀ, ਕਮਲ ਨਾਹਰ, ਹਰਸ਼ ਭਾਰਦਵਾਜ, ਰਾਜੂ, ਪ੍ਰਿੰਸ, ਪੱਪੂ ਸਾਊਂਡ, ਹਰਦੀਪ ਪਰਾਸ਼ਰ, ਅਮਿਤ ਸ਼ਰਮਾ, ਅਮਿਤ ਜਿੰਦਲ, ਅਮਰ ਭਾਟੀਆ, ਲਕੇਸ਼ ਜੀ, ਰਾਜੂ ਪਿੰਡੀ, ਰਣਬੀਰ ਸੋਢੀ, ਮਨਦੀਪ ਪਰਿਕ, ਪ੍ਰਦੀਪ ਮਿੱਤਲ ਹਾਜਰ ਸਨ

# ਭਾਰਤ ਜਮਹੂਰੀਅਤ ਦੀ ਜਨਨੀ: ਮੋਦੀ

## 'ਪ੍ਰਾਚੀਨ ਕਾਲ ਤੋਂ ਹੀ ਹੋ ਰਿਹੈ ਆਗੂਆਂ ਦੀ ਚੋਣ ਦਾ ਵਿਚਾਰ'



ਨਵੀਂ ਦਿੱਲੀ, -
-ਰੋਜ਼ਾਨਾ ਸਵੇਰਾ-

ਭਾਰਤ ਨੂੰ ਲੋਕਤੰਤਰ ਦੀ ਜਨਨੀ ਕਰਾਰ ਦਿੰਦਿਆ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਕਈ ਆਲਮੀ ਚੁਣੌਤੀਆਂ ਦੇ ਬਾਵਜੂਦ ਦੇਸ਼ ਸਭ ਤੋਂ ਤੇਜ਼ੀ ਨਾਲ ਵਧਦਾ ਅਰਥਚਾਰਾ ਬਣ ਗਿਆ ਹੈ ਅਤੇ ਇਸ ਤੋਂ ਸਾਬਿਤ ਹੁੰਦਾ ਹੈ ਕਿ ਲੋਕਤੰਤਰ ਵਧੀਆ ਕਰ ਸਕਦਾ ਹੈ। ਦੂਜੇ ਲੋਕਤੰਤਰ ਸਿਖਰ ਸੰਮੇਲਨ ਨੂੰ ਵਰਚੁਅਲੀ ਸੰਬੋਧਨ ਕਰਦਿਆਂ ਮੋਦੀ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੀ ਹਰ ਪਹਿਲ ਭਾਰਤ ਦੇ ਨਾਗਰਿਕਾਂ ਦੀਆਂ ਸਾਂਝੀਆਂ ਕੋਸ਼ਿਸ਼ਾਂ ਨਾਲ ਸੰਚਾਲਿਤ ਹੁੰਦੀ ਹੈ। ਉਨ੍ਹਾਂ ਕਿਹਾ,"ਕਈ ਆਲਮੀ ਚੁਣੌਤੀਆਂ ਦੇ ਬਾਵਜੂਦ ਭਾਰਤ ਅੱਜ ਸਭ ਤੋਂ ਤੇਜ਼ੀ ਨਾਲ ਵਧਦਾ ਪ੍ਰਮੁੱਖ ਅਰਥਚਾਰਾ ਹੈ। ਇਹ ਆਪਣੇ ਆਪ 'ਚ ਲੋਕਤੰਤਰ ਅਤੇ ਦੁਨੀਆ ਲਈ ਸਭ ਤੋਂ ਚੰਗਾ ਇਸ਼ਤਿਹਾਰ ਹੈ।" ਮੋਦੀ ਦੂਜੇ ਲੋਕਤੰਤਰ ਸਿਖਰ ਸੰਮੇਲਨ ਨੂੰ ਸੰਬੋਧਨ ਕਰ ਰਹੇ ਜਿਸ ਦੀ ਸਹਿ-ਮੇਜ਼ਬਾਨੀ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ, ਕੋਸਟਾ ਰੀਕਾ ਦੇ ਰਾਸ਼ਟਰਪਤੀ ਰੋਡਰਿਗੋ ਸ਼ਾਵੇਜ਼ ਰੋਬਲਜ਼, ਜ਼ਾਂਬੀਆ ਦੇ ਰਾਸ਼ਟਰਪਤੀ ਹਾਕਾਇੰਡੇ ਹਿਚੀਲੇਮਾ, ਨੈਦਰਲੈਂਡਜ਼ ਦੇ ਪ੍ਰਧਾਨ ਮੰਤਰੀ ਮਾਰਕ ਰੱਟ ਅਤੇ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਯੂਨ ਸੁਕ ਯਿਓਲ ਨੇ ਕੀਤੀ। ਸੰਮੇਲਨ ਦਾ ਪ੍ਰਬੰਧ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਯੂਨ ਨੇ ਕੀਤਾ। ਸ੍ਰੀ ਮੋਦੀ ਨੇ ਕਿਹਾ, "ਸਾਡੇ ਗ੍ਰੰਥ ਮਹਾਭਾਰਤ 'ਚ ਨਾਗਰਿਕਾਂ ਦੇ ਪਹਿਲੇ ਫਰਜ਼ ਦਾ ਬਖਾਨ ਕੀਤਾ ਗਿਆ ਹੈ ਕਿ ਉਹ ਆਪਣਾ ਆਗੂ ਚੁਣਦੇ ਹਨ। ਸਾਡੇ ਪਵਿੱਤਰ ਵੇਦਾਂ 'ਚ ਵਿਆਪਕ ਆਧਾਰ ਵਾਲੇ ਸਲਾਹਕਾਰ ਅਦਾਰਿਆਂ ਵੱਲੋਂ ਸਿਆਸੀ ਤਾਕਤ ਦੀ ਵਰਤੋਂ ਕੀਤੇ ਜਾਣ ਦੀ ਗੱਲ ਆਖੀ ਗਈ ਹੈ। ਪ੍ਰਾਚੀਨ ਭਾਰਤ 'ਚ ਗਣਤੰਤਰੀ ਸੂਬਿਆਂ ਦੇ ਕਈ ਇਤਿਹਾਸਕ ਪ੍ਰਮਾਣ ਵੀ ਹਨ ਜਿਥੇ ਸ਼ਾਸਕ ਕਿਸੇ ਵੰਸ਼ 'ਚੋਂ ਨਹੀ ਸਨ।" ਉਨ੍ਹਾਂ ਕਿਹਾ ਕਿ ਲੋਕਤੰਤਰ ਸਿਰਫ਼ ਢਾਂਚਾ ਨਹੀਂ ਸਗੋਂ ਇਕ ਭਾਵਨਾ ਵੀ ਹੈ। 'ਇਹ ਇਸ ਵਿਸ਼ਵਾਸ 'ਤੇ ਆਧਾਰਿਤ ਹੈ ਕਿ ਹਰ ਇਨਸਾਨ ਦੀਆਂ ਲੋੜਾਂ ਅਤੇ ਖਾਹਿਸ਼ਾਂ ਬਰਾਬਰ ਰੂਪ 'ਚ ਅਹਿਮ ਹਨ। ਇਹੋ ਕਾਰਨ ਹੈ ਕਿ ਭਾਰਤ 'ਚ ਸਾਡਾ ਮਾਰਗਦਰਸ਼ਕ ਦਰਸ਼ਨ 'ਸਬਕਾ ਸਾਥ, ਸਬਕਾ ਵਿਕਾਸ' ਹੈ ਜਿਸ ਦਾ ਅਰਥ ਹੈ ਸਮੁੱਚੇ ਵਿਕਾਸ ਲਈ ਰਲ ਕੇ ਕੋਸ਼ਿਸ਼ਾਂ ਕਰਨਾ।' ਉਨ੍ਹਾਂ ਕਿਹਾ ਕਿ ਕੋਵਿਡ-19 ਮਹਾਮਾਰੀ ਦੌਰਾਨ ਲੋਕਾਂ ਦੀਆਂ ਸਾਂਝੀਆਂ ਕੋਸ਼ਿਸ਼ਾਂ ਨਜ਼ਰ ਆਈਆਂ। 'ਵੈਕਸੀਨ ਮੈਤਰੀ' ਪਹਿਲ 'ਵਾਸੂਦੇਵ ਕੁਟੁੰਬਕਮ' ਦੇ ਮੰਤਰ 'ਤੇ ਆਧਾਰਿਤ ਹੈ ਜਿਸ ਦਾ ਅਰਥ 'ਇਕ ਧਰਤੀ, ਇਕ ਪਰਿਵਾਰ ਤੇ ਇਕ ਭਵਿੱਖ' ਹੈ।

# ਪੀ.ਆਈ.ਐਸ. ਦੇ ਰੈਜੀਡੈਸ਼ਲ ਖੇਡ ਵਿੰਗਾਂ ਲਈ ਟਰਾਇਲ 3 ਅਪਰੈਲ ਤੋਂ: ਮੀਤ ਹੇਅਰ

## ਟਰਾਇਲਾਂ ਦਾ ਦਾਇਰਾ ਵਧਾਉਂਦਿਆਂ 11 ਸਥਾਨਾਂ ਉਤੇ ਟਰਾਇਲ ਲੈਣ ਦਾ ਫੈਸਲਾ



ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਪੰਜਾਬ ਇੰਸਟੀਚਿਊਟ ਆਫ਼ ਸਪੋਰਟਸ ਦੇ ਰੈਜੀਡੈਂਸ਼ਲ ਖੇਡ ਵਿੰਗਾਂ ਲਈ ਖਿਡਾਰੀਆਂ ਦੀ ਚੋਣ ਵਾਸਤੇ ਟਰਾਇਲ 3 ਅਪਰੈਲ ਤੋਂ ਸ਼ੁਰੂ ਹੋ ਰਹੇ ਹਨ ਜੋ ਕਿ 25 ਅਪਰੈਲ ਤੱਕ ਚੱਲਣਗੇ। ਇਸ ਵਾਰ ਟਰਾਇਲਾਂ ਦਾ ਦਾਇਰਾ ਵਧਾਉਂਦਿਆਂ ਵੱਖ-ਵੱਖ ਖੇਡਾਂ ਦੇ ਟਰਾਇਲ 11 ਸਥਾਨਾਂ ਉਤੇ ਲਏ ਜਾਣਗੇ ਜਿਸ ਤੋਂ ਬਾਅਦ ਇਨ੍ਹਾਂ ਟਰਾਇਲਾਂ ਵਿੱਚੋਂ ਚੁਣੇ ਗਏ ਖਿਡਾਰੀਆਂ ਦੇ ਫਾਈਨਲ ਟਰਾਇਲ 24 ਅਪਰੈਲ ਤੋਂ ਸ਼ੁਰੂ ਹੋਣਗੇ ਜੋ ਕਿ 26 ਅਪਰੈਲ ਤੱਕ ਚੱਲਣਗੇ।

ਅੱਜ ਇਥੇ ਪ੍ਰੈਸ ਬਿਆਨ ਰਾਹੀਂ ਜਾਣਕਾਰੀ ਦਿੰਦਿਆਂ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦੱਸਿਆ ਕਿ ਪੰਜਾਬ ਨੂੰ ਖੇਡਾਂ ਵਿੱਚ ਮੁੜ ਮੋਹਰੀ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ ਸੂਬਾ ਸਰਕਾਰ ਵੱਲੋਂ ਨਿਰੰਤਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਪਿਛਲੇ ਸਾਲ ਪਹਿਲੀ ਵਾਰ ਕਰਵਾਈਆਂ ਗਈਆਂ ਖੇਡਾਂ ਵਤਨ ਪੰਜਾਬ ਦੀਆਂ ਨੂੰ ਵੱਡਾ ਹੁਲਾਰਾ ਮਿਲਿਆ। 3 ਲੱਖ ਦੇ ਕਰੀਬ ਖਿਡਾਰੀਆਂ ਨੇ ਹਿੱਸਾ ਲਿਆ ਜਿਸ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ ਕਿ ਨਵੇ ਸੈਸ਼ਨ ਲਈ ਖੇਡ ਵਿੰਗਾਂ ਦੇ ਟਰਾਇਲਾਂ ਦਾ ਦਾਇਰਾ ਵਧਾਇਆ ਜਾਵੇ। ਵੱਖ-ਵੱਖ ਖੇਡਾਂ ਵਿੱਚ ਛੇ ਉਮਰ ਗਰੁੱਪਾਂ ਅੰਡਰ 10, ਅੰਡਰ 12, ਅੰਡਰ 14, ਅੰਡਰ 17, ਅੰਡਰ 19 ਤੇ ਅੰਡਰ 21 ਦੇ ਟਰਾਇਲ ਪਹਿਲਾਂ ਜ਼ਿਲਾ ਵਾਰ ਬਣਾਏ ਜ਼ੋਨਾਂ ਵਿੱਚ ਹੋਣਗੇ ਅਤੇ ਇਸ ਤੋਂ ਬਾਅਦ ਜ਼ਿਲ੍ਹਿਆਂ ਵਿੱਚੋਂ ਚੁਣੇ ਖਿਡਾਰੀਆਂ ਦੇ ਫਾਈਨਲ ਟਰਾਇਲ ਇਕ ਸਥਾਨ ਉਤੇ ਹੋਣਗੇ। ਇਸ ਨਾਲ ਬਿਹਤਰੀਨ ਖਿਡਾਰੀ ਸਾਹਮਣੇ ਆਉਣਗੇ। ਟਰਾਇਲਾਂ ਵਾਲੇ ਸਥਾਨ ਵਾਲੇ ਜ਼ਿਲੇ ਵਿੱਚ ਸਬੰਧਤ ਜ਼ਿਲਾ ਖੇਡ ਅਫਸਰ ਨੂੰ ਇੰਚਾਰਜ ਲਗਾਇਆ ਗਿਆ ਹੈ। 18 ਖੇਡਾਂ ਦੀਆਂ 1700 ਦੇ ਕਰੀਬ ਸੀਟਾਂ ਲਈ ਟਰਾਇਲ ਹੋਣਗੇ। ਇਸ ਵਾਰ 450 ਸੀਟਾਂ ਵਧਾਈਆਂ ਗਈਆਂ ਹਨ। ਇਹ ਖੇਡਾਂ ਅਥਲੈਟਿਕਸ, ਬਾਸਕਟਬਾਲ, ਮੁੱਕੇਬਾਜ਼ੀ, ਫੁਟਬਾਲ, ਹਾਕੀ, ਜਿਮਨਾਸਟਿਕ, ਜੂਡੋ, ਵਾਲੀਬਾਲ, ਵੇਟਲਿਫਟਿੰਗ, ਕੁਸ਼ਤੀ, ਹੈਂਡਬਾਲ, ਤੀਰਅੰਦਾਜ਼ੀ, ਸਾਈਕਲਿੰਗ, ਤੈਰਾਕੀ, ਟੇਬਲ ਟੈਨਿਸ, ਤਲਵਾਰਬਾਜ਼ੀ, ਨਿਸ਼ਾਨੇਬਾਜ਼ੀ ਅਤੇ ਰੋਇੰਗ ਹਨ। ਚੁਣੇ ਜਾਣ ਵਾਲੇ ਖਿਡਾਰੀਆਂ ਨੂੰ ਕੋਚਿੰਗ, ਰਿਹਾਇਸ਼, ਡਾਇਟ, ਮੈਡੀਕਲ ਤੇ ਬੀਮਾ ਦੀਆਂ ਮੁਫ਼ਤ ਸਹੂਲਤਾਂ ਮਿਲਣਗੀਆਂ

ਜ਼ਿਲਾ ਵਾਰ ਹੋਣ ਵਾਲੇ ਟਰਾਇਲਾਂ ਦੇ ਵੇਰਵਿਆਂ ਅਨੁਸਾਰ ਅੰਮ੍ਰਿਤਸਰ ਜ਼ਿਲੇ ਵਿੱਚ 3 ਤੇ 4 ਅਪਰੈਲ ਨੂੰ ਵੱਖ-ਵੱਖ ਖੇਡਾਂ ਦੇ ਟਰਾਇਲ ਲਏ ਜਾਣਗੇ ਜਿਨ੍ਹਾਂ ਵਿੱਚ ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ ਤੇ ਤਰਨ ਤਾਰਨ ਦੇ ਖਿਡਾਰੀ ਹਿੱਸਾ ਲੈ ਸਕਣਗੇ। ਇਸੇ ਤਰ੍ਹਾਂ ਜਲੰਧਰ ਵਿਖੇ 6 ਤੇ 7 ਅਪਰੈਲ ਨੂੰ ਵੱਖ-ਵੱਖ ਖੇਡਾਂ ਦੇ ਜਲੰਧਰ, ਕਪੂਰਥਲਾ ਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਟਰਾਇਲ ਹੋਣਗੇ। ਲੁਧਿਆਣਾ ਵਿਖੇ 9 ਤੇ 10 ਅਪਰੈਲ ਨੂੰ ਲੁਧਿਆਣਾ, ਮੋਗਾ, ਮਲੇਰਕੋਟਲਾ ਤੇ ਨਵਾਂਸ਼ਹਿਰ ਜ਼ਿਲ੍ਹਿਆਂ ਦੇ ਵੱਖ-ਵੱਖ ਖੇਡਾਂ ਲਈ ਟਰਾਇਲ ਹੋਣਗੇ। ਪਟਿਆਲਾ ਵਿਖੇ 12 ਤੇ 13 ਅਪਰੈਲ ਨੂੰ ਪਟਿਆਲਾ, ਫਤਹਿਗੜ੍ਹ ਸਾਹਿਬ ਤੇ ਸੰਗਰੂਰ ਜ਼ਿਲ੍ਹਿਆਂ, (ਬਾਕੀ ਸਫ਼ਾ 2 'ਤੇ)

# ਪੰਜਾਬ ਸਰਕਾਰ ਵੱਲੋਂ SSP ਜਲੰਧਰ ਦਿਹਾਤੀ ਸਣੇ ਵੱਡੇ ਪੱਧਰ 'ਤੇ ਕੀਤੇ ਗਏ ਪੁਲਿਸ ਅਧਿਕਾਰੀਆਂ ਦੇ ਤਬਾਦਲੇ





ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਪੰਜਾਬ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਪੁਲਿਸ ਪ੍ਰਸ਼ਾਸਨ ਵਿਚ ਤਬਾਦਲੇ ਕੀਤੇ ਗਏ ਹਨ। ਪੰਜਾਬ ਸਰਕਾਰ ਵੱਲੋਂ ਜਾਰੀ ਤਾਜ਼ਾ ਹੁਕਮਾਂ ਮੁਤਾਬਕ 1 ਆਈ. ਪੀ. ਐੱਸ. ਸਮੇਤ 8 ਪੀ. ਪੀ. ਐੱਸ. ਅਧਿਕਾਰੀਆਂ ਦਾ ਤਬਾਦਲਾ ਕੀਤਾ ਗਿਆ ਹੈ। SSP ਜਲੰਧਰ (ਦਿਹਾਤੀ) ਸਵਰਣਦੀਪ ਸਿੰਘ ਸਣੇ 9 ਆਈ. ਪੀ. ਐੱਸ., ਪੀ. ਪੀ. ਐੱਸ. ਅਧਿਕਾਰੀਆਂ ਦੇ ਤਬਾਦਲੇ ਕੀਤੇ ਗਏ ਹਨ। ਇਸ ਦੇ ਇਲਾਵਾ 13 ਪੀ. ਸੀ. ਐੱਸ. ਅਧਿਕਾਰੀਆਂ ਦੇ ਤਬਾਦਲੇ ਵੀ ਕੀਤੇ ਗਏ ਹਨ। ਉਥੇ ਹੀ ਇਸ ਦੇ ਨਾਲ ਹੀ 24 ਡੀ. ਸੀ. ਪੀ. ਅਤੇ ਏ .ਸੀ. ਪੀ. ਅਧਿਕਾਰੀ ਵੀ ਬਦਲੇ ਗਏ ਹਨ। ਟਰਾਂਸਫਰ ਕੀਤੇ ਗਏ ਏ. ਸੀ. ਪੀ. ਅਧਿਕਾਰੀਆਂ ਦੇ ਵਿਚ ਜਲੰਧਰ ਟਰੈਫਿਕ ਏ. ਸੀ. ਪੀ. ਪ੍ਰੀਤ ਕੰਵਲਜੀਤ ਸਿੰਘ ਵੀ ਸ਼ਾਮਲ ਸਨ।

# ਗਗਨ ਮਾਨ ਅਤੇ ਡਿਪਟੀ ਕਮਿਸ਼ਨਰ ਨੇ ਲਿਆ ਬੇਮੌਸਮੀ ਬਰਸਾਤ ਕਾਰਨ ਫਸਲਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ



ਮੁਹਾਲੀ, -ਰੋਜ਼ਾਨਾ ਸਵੇਰਾ-

ਸੈਰ ਸਪਾਟਾ ਮੰਤਰੀ ਅਨਮੋਲ ਗਗਨ ਮਾਨ ਅਤੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਵੱਲੋਂ ਬੇਮੌਸਮੀ ਬਰਸਾਤ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਐਸ.ਏ.ਐਸ ਸ਼ਹਿਰ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ਗਿਆ । ਕੈਬਨਿਟ ਮੰਤਰੀ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਇਸ ਔਖੀ ਘੜੀ ਵਿੱਚ ਕਿਸਾਨਾਂ ਦਾ ਪੂਰਾ ਸਾਥ ਦੇ ਰਹੀ ਹੈ ਤੇ ਸੂਬਾ ਸਰਕਾਰ ਵੱਲੋਂ ਫਸਲਾਂ ਦੇ ਮੁਆਵਜ਼ੇ ਲਈ ਗਿਰਦਾਵਰੀ ਦੇ ਹੁਕਮ ਦਿੱਤੇ ਗਏ ਹਨ । ਇਸ ਸਬੰਧਤ ਡਿਪਟੀ ਕਮਿਸ਼ਨਰਾਂ ਨੂੰ ਬਰਸਾਤ ਪ੍ਰਭਾਵਿਤ ਇਲਾਕਿਆਂ ਵਿੱਚ ਤੁਰੰਤ ਵਿਸ਼ੇਸ਼ ਗਿਰਦਾਵਰੀ ਕਰਨ ਲਈ ਕਿਹਾ ਗਿਆ ਹੈ ਤਾਂ ਜੋ ਨੁਕਸਾਨ ਦਾ ਪਹਿਲਾਂ ਤੋਂ ਹੀ ਪਤਾ (ਬਾਕੀ ਸਫ਼ਾ 2 'ਤੇ)

## ਸੰਪਾਦਕੀ

# ਸਿਹਤ-ਸੰਭਾਲ ਦਾ ਅਧਿਕਾਰ

ਰਾਜਸਥਾਨ ਵਿਧਾਨ ਸਭਾ ਨੇ ਲੋਕਾਂ ਨੂੰ ਸਿਹਤ-ਸੰਭਾਲ ਦਾ ਅਧਿਕਾਰ ਦੇਣ ਲਈ ਬਿਲ (Right to Health Bill) ਪਾਸ ਕਰ ਦਿੱਤਾ ਹੈ। ਇਸ ਬਿਲ ਅਨੁਸਾਰ ਸਰਕਾਰੀ ਤੇ ਨਿੱਜੀ ਖੇਤਰ ਦੇ ਹਸਪਤਾਲਾਂ ਵਿਚ ਕੰਮ ਕਰ ਰਹੇ ਡਾਕਟਰਾਂ ਲਈ ਐਮਰਜੈਂਸੀ ਸਮੇਂ ਹਰ ਮਰੀਜ਼ ਦੇ ਇਲਾਜ ਨੂੰ ਜ਼ਰੂਰੀ ਠਹਿਰਾਇਆ ਗਿਆ ਹੈ। ਬਿਲ ਅਨੁਸਾਰ ਡਾਕਟਰਾਂ ਲਈ ਇਹ ਲਾਜ਼ਮੀ ਹੋਵੇਗਾ ਕਿ ਹਾਦਸਿਆਂ, ਜਾਨਵਰਾਂ ਜਾਂ ਸੱਪ ਦੁਆਰਾ ਕੱਟੇ-ਡੱਸੇ ਜਾਣ, ਬੱਚੇ ਨੂੰ ਜਨਮ ਦੇਣ ਸਮੇਂ ਆ ਰਹੀਆਂ ਮੁਸ਼ਕਲਾਂ ਜਾਂ ਉਹ ਸਰੀਰਕ ਦੁੱਖ-ਤਕਲੀਫ਼, ਜਿਸ ਨੂੰ ਸਰਕਾਰ ਐਮਰਜੈਂਸੀ ਐਲਾਨੇ, ਦੌਰਾਨ ਉਹ (ਡਾਕਟਰ) ਮਰੀਜ਼ ਦਾ ਇਲਾਜ ਤੁਰੰਤ ਕਰਨ। ਇਸ ਤੋਂ ਇਲਾਵਾ ਹਰ ਨਾਗਰਿਕ ਨੂੰ ਇਹ ਅਧਿਕਾਰ ਵੀ ਪ੍ਰਾਪਤ ਹੋਣਗੇ ਕਿ ਸਰਕਾਰੀ ਅਤੇ ਹੋਰ ਨਾਮਜ਼ਦ ਕੀਤੇ ਗਏ ਹਸਪਤਾਲਾਂ ਤੋਂ ਮੁਫ਼ਤ ਸਿਹਤ-ਸੇਵਾਵਾਂ ਪ੍ਰਾਪਤ ਕਰ ਸਕਣਗੇ। ਨਿੱਜੀ ਖੇਤਰ ਦੇ ਹਸਪਤਾਲਾਂ ਦੀ ਪ੍ਰਮੁੱਖ ਜ਼ਿੰਮੇਵਾਰੀ ਐਮਰਜੈਂਸੀ ਹਾਲਾਤ ਸਮੇਂ ਮਰੀਜ਼ਾਂ ਦਾ ਇਲਾਜ ਕਰਨਾ ਹੋਵੇਗੀ ਅਤੇ ਉਹ ਇਲਾਜ ਕਰਨ ਤੋਂ ਮਨ੍ਹਾ ਨਹੀਂ ਕਰ ਸਕਣਗੇ; ਇਲਾਜ ਤੋਂ ਇਨਕਾਰ ਕਰਨ 'ਤੇ ਪਹਿਲੀ ਵਾਰ 10,000 ਰੁਪਏ ਦਾ ਜੁਰਮਾਨਾ ਹੋਵੇਗਾ ਜੋ ਬਾਅਦ ਵਿਚ 25,000 ਰੁਪਏ ਤਕ ਵਧ ਸਕਦਾ ਹੈ। ਸਰਕਾਰ ਸੂਬਾ ਅਤੇ ਜ਼ਿਲ੍ਹਾ ਪੱਧਰ 'ਤੇ ਨਿਗਾਹਬਾਨੀ ਕਰਨ ਵਾਲੀਆਂ ਸੰਸਥਾਵਾਂ ਬਣਾਏਗੀ। ਇਹ ਬਿਲ 2022 ਵਿਚ ਪੇਸ਼ ਕੀਤਾ ਗਿਆ ਸੀ ਅਤੇ ਬਾਅਦ ਵਿਚ ਇਕ ਸਿਲੈਕਟ ਕਮੇਟੀ ਨੂੰ ਵਿਚਾਰ-ਵਟਾਂਦਰੇ ਲਈ ਭੇਜਿਆ ਗਿਆ।

ਨਿੱਜੀ ਖੇਤਰ ਦੇ ਹਸਪਤਾਲਾਂ ਅਤੇ ਡਾਕਟਰਾਂ ਨੇ ਇਸ ਬਿਲ ਦਾ ਵੱਡੀ ਪੱਧਰ 'ਤੇ ਵਿਰੋਧ ਕੀਤਾ ਹੈ। ਵਿਰੋਧ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਇਸ ਬਿਲ ਕਾਰਨ ਸਰਕਾਰੀ ਅਧਿਕਾਰੀਆਂ ਦਾ ਹਸਪਤਾਲਾਂ ਵਿਚ ਦਖ਼ਲ ਵਧੇਗਾ ਅਤੇ ਇਹ ਬਿਲ ਅਸੰਵਿਧਾਨਕ ਹੈ। ਸਰਕਾਰ ਅਤੇ ਵਿਰੋਧ ਕਰ ਰਹੇ ਡਾਕਟਰਾਂ ਅਤੇ ਨਿੱਜੀ ਖੇਤਰ ਦੇ ਪ੍ਰਬੰਧਕਾਂ ਵਿਚ ਮੀਟਿੰਗ ਵੀ ਹੋਈ ਹੈ ਪਰ ਕੋਈ ਸਮਝੌਤਾ ਨਹੀਂ ਹੋ ਸਕਿਆ। ਡਾਕਟਰਾਂ ਦੀ ਸੰਸਥਾ ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਬਿਲ ਦਾ ਸਾਰੇ ਦੇਸ਼ ਵਿਚ ਵਿਰੋਧ ਕਰਨ ਦਾ ਸੱਦਾ ਦਿੱਤਾ ਹੈ। ਨਿੱਜੀ ਖੇਤਰ ਵਿਚ ਕੰਮ ਕਰਦੇ ਡਾਕਟਰਾਂ ਦਾ ਕਹਿਣਾ ਹੈ ਕਿ ਬਿਲ ਵਿਚ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਕਿਹੋ ਜਿਹੀਆਂ ਬਿਮਾਰੀਆਂ ਤੇ ਸਰੀਰਕ ਤਕਲੀਫ਼ਾਂ ਨੂੰ ਐਮਰਜੈਂਸੀ ਮੰਨਿਆ ਜਾਵੇਗਾ ਅਤੇ ਸਰਕਾਰ ਨਿੱਜੀ ਖੇਤਰ ਦੇ ਡਾਕਟਰਾਂ ਨੂੰ ਕੀਤੇ ਗਏ ਕੰਮ ਦਾ ਇਵਜ਼ਾਨਾ ਕਿਵੇਂ ਦੇਵੇਗੀ।

ਮਰੀਜ਼ਾਂ ਦੇ ਹੱਕਾਂ ਨੂੰ ਸੁਰੱਖਿਅਤ ਕਰਨਾ ਸਵਾਗਤਯੋਗ ਕਦਮ ਹੈ। ਸਾਡੇ ਦੇਸ਼ ਵਿਚ ਵੱਸੋਂ ਦੇ ਵੱਡੇ ਹਿੱਸੇ ਨੂੰ ਕੋਈ ਸਮਾਜਿਕ ਸੁਰੱਖਿਆ ਨਹੀਂ ਹੈ ਅਤੇ ਸਿਹਤ-ਸੰਭਾਲ ਕਰਨ ਵਾਲਾ ਢਾਂਚਾ ਵੀ ਕੋਈ ਮਜ਼ਬੂਤ ਸਥਿਤੀ ਵਿਚ ਨਹੀਂ ਹੈ। ਸਰਕਾਰੀ ਅਤੇ ਨਿੱਜੀ ਖੇਤਰ ਦੇ ਹਸਪਤਾਲ ਜ਼ਿਆਦਾ ਕਰ ਕੇ ਸ਼ਹਿਰੀ ਖੇਤਰਾਂ ਵਿਚ ਹਨ। ਸਰਕਾਰੀ ਅੰਕੜਿਆਂ ਅਨੁਸਾਰ ਕੇਂਦਰੀ ਤੇ ਸੂਬਾ ਸਰਕਾਰਾਂ ਨਾਲ ਜੁੜੇ ਹਸਪਤਾਲ, ਜਿਨ੍ਹਾਂ ਵਿਚ ਸਥਾਨਕ ਸੰਸਥਾਵਾਂ ਅਧੀਨ ਕੰਮ ਕਰਦੇ ਹਸਪਤਾਲ ਵੀ ਸ਼ਾਮਲ ਹਨ, ਲੋਕਾਂ ਦੇ ਇਲਾਜ ਦਾ ਸਿਰਫ਼ 32 ਫ਼ੀਸਦੀ ਬੋਝ ਹੀ ਉਠਾਉਂਦੇ ਹਨ। ਬਾਕੀ ਖ਼ਰਚ ਲੋਕਾਂ ਨੂੰ ਖ਼ੁਦ ਕਰਨਾ ਪੈਂਦਾ ਹੈ। ਦੇਸ਼ ਦੀ ਵੱਸੋਂ ਦੇ ਵੱਡੇ ਹਿੱਸੇ ਵਿਚ ਅਜਿਹਾ ਖ਼ਰਚ ਕਰਨ ਦੀ ਸਮਰੱਥਾ ਨਹੀਂ ਹੈ ਅਤੇ ਉਹ ਐਮਰਜੈਂਸੀ ਸਥਿਤੀਆਂ ਦੌਰਾਨ ਵੀ ਇਲਾਜ ਤੋਂ ਮਹਿਰੂਮ ਰਹਿੰਦੇ ਹਨ। ਰਾਜਸਥਾਨ ਵਿਚ ਸਥਿਤੀ ਕੁਝ ਬਿਹਤਰ ਹੈ ਅਤੇ ਸਰਕਾਰ ਸਿਹਤ ਦੇ ਖੇਤਰ ਵਿਚ ਸਾਲਾਨਾ 29,000 ਕਰੋੜ ਰੁਪਏ ਤੋਂ ਜ਼ਿਆਦਾ ਖ਼ਰਚ ਕਰਦੀ ਹੈ। ਸਰਕਾਰ ਦਾ ਕਹਿਣਾ ਹੈ ਕਿ ਉਹ ਇਸ ਕਾਨੂੰਨ ਦੇ ਨਿਯਮ ਬਣਾਉਂਦੇ ਸਮੇਂ ਨਿੱਜੀ ਖੇਤਰ ਦੇ ਡਾਕਟਰਾਂ ਦੇ ਸਰੋਕਾਰਾਂ ਦਾ ਧਿਆਨ ਰੱਖੇਗੀ। ਇਸ ਸਭ ਕੁਝ ਦੇ ਬਾਵਜੂਦ ਸਰਕਾਰ ਨੂੰ ਵਿਰੋਧ ਕਰ ਰਹੇ ਡਾਕਟਰਾਂ ਨਾਲ ਗੱਲਬਾਤ ਕਰ ਕੇ ਇਸ ਰਾਹ 'ਤੇ ਅੱਗੇ ਵਧਣਾ ਚਾਹੀਦਾ ਹੈ।

Printed, Published and Owned by Ramanpreet Singh and Printed at The Caseeno Printing Press, Rampura Phul and Published from Monthly Rozana Savera, Guru Nanak Pura Mohalla, Near Vishwash Mandir, Rampua Phul, Distt Bathinda, Punjab
Editor : Ramanpreet Singh
RNI No.PunPun 04267
E-mail : rozanasavera@gmail.com
ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਰਮਨਪ੍ਰੀਤ ਸਿੰਘ ਨੇ ਦਾ ਕਸੀਨੋ ਪ੍ਰਿੰਟਿੰਗ ਪ੍ਰੈਸ, ਰਾਮਪੁਰਾ ਫੂਲ ਤੋਂ ਛਪਵਾ ਕੇ ਗੁਰੂ ਨਾਨਕ ਪੁਰਾ ਮੁਹੱਲਾ, ਨੇੜੇ ਵਿਸ਼ਵਾਸ ਮੰਦਿਰ, ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ ਤੋਂ ਪ੍ਰਕਾਸ਼ਿਤ ਕੀਤਾ।
ਸੰਪਾਦਕ : ਰਮਨਪ੍ਰੀਤ ਸਿੰਘ
ਨੋਟ : ਸੰਪਾਦਕ ਸਿਰਫ ਪੀ ਆਰ ਬੀ ਐਕਟ ਅਧੀਨ ਖਬਰਾਂ ਲਈ ਜ਼ਿੰਮੇਵਾਰ।
ਕਿਸੇ ਵੀ ਕਿਸਮ ਦੇ ਝਗੜਿਆਂ ਦਾ ਨਿਪਟਾਰਾ ਸਿਰਫ ਬਠਿੰਡਾ ਅਦਾਲਤ ਵਿੱਚ ਹੀ ਹੋਵੇਗਾ।

# ਮੁੱਖ ਮੰਤਰੀ ਨੇ ਕੀਤੀ ਸਾਲ 2023-24 ਦੀ ਬਜਟ ਐਲਾਨਾਂ ਦੀ ਸਮੀਖਿਆ ਮੀਟਿੰਗ ਦੀ ਅਗਵਾਈ

**➢ ਅਧਿਕਾਰੀਆਂ ਨੂੰ ਸਮੇਂਬੱਧ ਢੰਗ ਨਾਲ ਕੰਮ ਵਿਚ ਤੇਜੀ ਲਿਆਉਣ ਦੇ ਦਿੱਤੇ ਨਿਰਦੇਸ਼ ➢ ਸਾਈਕਲ ਵੇਲੋਡ੍ਰੋਮ ਲਈ ਅਲਾਟ ਕੀਤੀ ਜਾਵੇਗੀ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ 10 ਏਕੜ ਜਮੀਨ ➢ ਹਾਊਸਿੰਗ ਫਾਰ ਆਲ ਦੇ ਤਹਿਤ ਜਰੂਰਤਮੰਦ ਪਰਿਵਾਰਾਂ ਦੇ ਲਈ ਬਣਾਏ ਜਾਣਗੇ 1 ਲੱਖ ਘਰ**

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਾਲ 2023-24 ਦੀ ਬਜਟ ਐਲਾਨਾਂ ਸਬੰਧੀ ਕੰਮਾਂ ਨੂੰ ਸਮੇਂਬੱਧ ਢੰਗ ਨਾਲ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਤਾਂ ਜੋ ਸੂਬੇ ਦੀ ਜਨਤਾ ਨੂੰ ਵੱਖ-ਵੱਖ ਯੋਜਨਾਵਾਂ ਅਤੇ ਪਰਿਯੋਜਨਾਵਾਂ ਦਾ ਲਾਭ ਜਲਦੀ ਤੋਂ ਜਲਦੀ ਪ੍ਰਦਾਨ ਕੀਤਾ ਜਾ ਸਕੇ।


ਮੁੱਖ ਮੰਤਰੀ ਕੱਲ ਦੇਰ ਰਾਤ ਸਾਲ 2023-24 ਦੇ ਬਜਟ ਐਲਾਨਾਂ ਦੀ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਮੀਟਿੰਗ ਵਿਚ ਡਿਪਟੀ ਮੁੱਖ ਮੰਤਰੀ ਸ੍ਰੀ ਦੁਸ਼ਯੰਤ ਚੌਟਾਲਾ , ਉਰਜਾ ਮੰਤਰੀ ਰਣਜੀਤ ਸਿੰਘ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਜੇ ਪੀ ਦਲਾਲ, ਟ੍ਰਾਂਸਪੋਰਟ ਮੰਤਰੀ ਮੂਲਚੰਦ ਸ਼ਰਮਾ, ਵਿਕਾਸ ਅਤੇ ਪੰਚਾਇਤ ਮੰਤਰੀ ਦੇਵੇਂਦਰ ਸਿੰਘ ਬਬਲੀ, ਸਹਿਕਾਰਤਾ ਮੰਤਰੀ ਡਾ. ਬਨਵਾਰੀ ਲਾਲ, ਸ਼ਹਿਰੀ ਸਥਾਨਕ ਸਰਕਾਰ ਮੰਤਰੀ ਡਾ. ਕਮਲ ਗੁਪਤਾ ਤੇ ਮਹਿਲਾ ਅਤੇ ਬਾਲ ਵਿਕਾਸ ਰਾਜ ਮੰਤਰੀ ਕਮਲੇਸ਼ ਢਾਂਡਾ ਮੌਜੂਦ ਸਨ।

ਮੁੱਖ ਮੰਤਰੀ ਨੇ ਵੱਖ-ਵੱਖ ਵਿਭਾਗਾਂ ਦੇ ਬਜਟ ਐਲਾਨਾਂ 'ਤੇ ਵਿਸਤਾਰ ਨਾਲ ਚਰਚਾ ਕੀਤੀ ਅਤੇ ਅਧਿਕਾਰੀਆਂ ਤੋਂ ਇਸ ਬਾਰੇ ਵਿਚ ਵਿਸਤਾਰ ਸਮੇਂ ਸੀਮਾ ਸਮੇਤ ਬਿੰਦੂਵਾਰ ਸਮੀਖਿਆ ਕੀਤੀ। ਅਧਿਕਾਰੀਆਂ ਨੇ ਮੁੱਖ ਮੰਤਰੀ ਨੂੰ ਜਾਣੂੰ ਕਰਵਾਇਆ ਕਿ ਬਜਟ ਐਲਾਨਾਂ ਦੇ ਤਹਿਤ ਜਿਆਦਾਤਰ ਪਰਿਯੋਜਨਾਵਾਂ ਦੀ ਵਿਸਤਾਰ ਪਰਿਯੋਜਨਾ ਰਿਪੋਰਟ (ਡੀਪੀਆਰ) ਆਖੀਰੀ ਪੜਾਅ ਵਿਚ ਹੈ ਅਤੇ 30 ਅਪ੍ਰੈਲ ਤਕ ਇਸ ਨੂੰ ਆਖੀਰੀ ਰੂਪ ਦਿੱਤਾ ਜਾਵੇਗਾ।

ਨਵੀਂ ਪੈਕਸ ਨੀਤੀ ਤਿਆਰ ਕਰਨ, ਇਕ ਮਹੀਨੇ ਦੇ ਅੰਦਰ ਪਾਇਲਟ ਆਧਾਰ 'ਤੇ ਸਾਂਝੀ ਡੇਅਰੀ ਮਾਡਲ ਦੀ ਕਰਨ ਸ਼ੁਰੂਆਤ

ਸ੍ਰੀ ਮਨੋਹਰ ਲਾਲ ਨੇ ਅਧਿਕਾਰੀਆਂ ਨੂੰ 500 ਪੈਕਸ ਸਥਾਪਿਤ ਕਰ ਸਹਿਕਾਰੀ ਢਾਂਚੇ ਦੇ ਮਜਬੂਤੀਕਰਣ ਲਈ ਨਵੀਂ ਪੈਕਸ ਨੀਤੀ ਤਿਆਰ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਇਕ ਮਹੀਨੇ ਦੇ ਅੰਦਰ ਸਾਂਝੀ ਡੇਅਰੀ ਦੇ ਪੰਜ ਮਾਡਲ ਨੂੰ ਪਾਇਲਟ ਆਧਾਰ 'ਤੇ ਚਾਲੂ ਕਰਨ ਦੇ ਵੀ ਨਿਰਦੇਸ਼ ਦਿੱਤੇ।

ਉਨ੍ਹਾਂ ਨੇ ਕਿਹਾ ਕਿ ਇਹ ਇਕ ਵੱਖ ਮਾਡਲ ਹੈ ਜੋ ਉਨ੍ਹਾਂ ਲੋਕਾਂ ਨੂੰ ਸਮਰੱਥ ਕਰੇਗਾ ਜਿਨ੍ਹਾਂ ਦੇ ਕੋਲ ਪਸ਼ੂਪਾਲਨ ਗਤੀਵਿਧੀਆਂ ਰਾਹੀਂ ਆਪਣੀ ਆਮਦਨ ਵਧਾਉਣ ਲਈ ਕਾਫੀ ਭੂਮੀ ਨਹੀਂ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਇਕ ਹਫਤੇ



ਦੇ ਅੰਦਰ ਬਲਕ ਮਿਲਕ ਕੂਲਰ (ਬੀਐਮਸੀ) ਨਾਲ ਸਬੰਧਿਤ ਯੋਜਨਾ ਤਿਆਰ ਕਰਨ ਅਤੇ ਇਸ ਸਬੰਧ ਵਿਚ ਟੈਂਡਰ ਜਾਰੀ ਕਰਨ ਦੇ ਵੀ ਨਿਰਦੇਸ਼ ਦਿੱਤੇ।

ਹਾਊਸਿੰਗ ਫਾਰ ਆਲ ਤਹਿਤ ਜਰੂਰਤਮੰਦ ਪਰਿਵਾਰਾਂ ਦੇ ਲਈ ਬਣਾਏ ਜਾਣਗੇ 1 ਲੱਖ ਘਰ

ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਰਿਹਾਇਸ਼ ਯੋਜਨਾ ਦੇ ਤਹਿਤ ਜਰੂਰਤਮੰਦ ਪਰਿਵਾਰਾਂ ਨੂੰ ਇਕ ਲੱਖ ਕਿਫਾਇਤੀ ਰਿਹਾਇਸ਼ ਉਪਲਬਧ ਕਰਾਉਣ ਲਈ ਗਰਾਊਂਡ ਪਲੱਸ-3 ਫਲੋਰ ਦਾ ਸਟ੍ਰਕਚਰ ਬਣਾਇਆ ਜਾਵੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਇਸ ਸਬੰਧ ਵਿਚ ਕੁੱਝ ਯਕੀਨੀ ਮਾਪਦੰਡਾਂ ਦੇ ਨਾਲ ਨਵੀਂ ਯੋਜਨਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ।

ਸਫਾਈ ਕਰਮਚਾਰੀਆਂ ਲਈ ਪ੍ਰੋਤਸਾਹਨ ਯੋਜਨਾ ਸੂਬਾ ਪੱਧਰ 'ਤੇ ਵੀ ਕੀਤੀ ਜਾਵੇਗੀ ਸ਼ੁਰੂ

ਮੁੱਖ ਮੰਤਰੀ ਨੇ ਕਿਹਾ ਕਿ ਨਗਰ ਪਾਲਿਕਾਵਾਂ ਵਿਚ ਸਫਾਈ ਕਰਮਚਾਰੀਆਂ ਵੱਲੋਂ ਕੀਤੇ ਗਏ ਕੰਮਾਂ ਨੂੰ ਕੌਮੀ ਪੱਧਰ 'ਤੇ ਉਨ੍ਹਾਂ ਦੀ ਸ਼੍ਰੇਣੀ ਵਿਚ ਮੋਹਰੀ ਪੰਜਾਹ ਵਿਚ ਸ਼ਾਮਿਲ ਕਰਨ ਤੋਂ ਇਲਾਵਾ 1000 ਰੁਪਏ ਪ੍ਰਤੀ ਮਹੀਨਾ ਦੀ ਵੱਧ ਪ੍ਰੋਤਸਾਹਨ ਰਕਮ ਦੇ ਨਾਲ ਇਸੀ ਤਰ੍ਹਾਂ ਦੀ ਯੋਜਨਾ ਰਾਜ ਪੱਧਰ 'ਤੇ ਵੀ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਰਾਜ ਪੱਧਰ 'ਤੇ 50 ਫੀਸਦੀ ਪ੍ਰਦਰਸ਼ਨ ਕਰਨ ਵਾਲੇ ਨਗਰ ਪਾਲਿਕਾਵਾਂ ਦੇ ਸਫਾਈ ਕਰਮਚਾਰੀਆਂ ਨੂੰ ਸ਼ਹਿਰ ਨੂੰ ਸਵੱਛ ਰੱਖਣ ਦੇ ਯਤਨਾਂ ਦੇ ਸਨਮਾਨ ਵਿਚ ਪ੍ਰੋਤਸਾਹਨ ਰਕਮ ਦਿੱਤੀ ਜਾਵੇਗੀ।

ਅਣਅਥੋਰਾਇਜਡ ਕਲੋਨੀਆਂ ਦੇ ਨਿਸਮਤੀਕਰਨ ਦੇ ਸਬੰਧ ਵਿਚ ਮੁੱਖ ਮੰਤਰੀ ਨੂੰ ਜਾਣੂੰ ਕਰਾਇਆ ਗਿਆ ਕਿ ਇਕ ਕਾਰਜਯੋਜਨਾ ਤਿਆਰ ਕਰ ਲਈ ਗਈ ਹੈ ਅਤੇ 30 ਸਤੰਬਰ ਤਕ ਇਸ ਪ੍ਰਕ੍ਰਿਆ ਨੂੰ ਵਿਵਸਥਿਤ ਢੰਗ ਨਾਲ ਪੂਰਾ ਕਰ ਲਿਆ ਜਾਵੇਗਾ।

ਮਾਨ ਅਰਜਿਤ ਕਰਨ ਵਾਲੀ ਪਰਿਯੋਜਨਾਵਾਂ ਅਤੇ ਖਾਲੀ ਪਈ ਜਮੀਨਾਂ ਦੇ ਮੁਦਰੀਕਰਣ ਲਈ ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਪਰਿਯੋਜਨਾਵਾਂ ਲਈ ਖਾਲੀ ਪਈ ਜਮੀਨਾਂ ਨੂੰ ਵੇਚਣ ਅਤੇ ਵੈਲਯੂਏਬਲ ਭੂਮੀ ਵਰਤੋ ਦੇ ਲਈ ਬਾਹਰੀ ਘੇਰੇ 'ਤੇ ਵੈਕਲਪਿਕ ਜਮੀਨ ਖਰੀਦਣ ਦੇ ਨਿਰਦੇਸ਼ ਦਿੱਤੇ।

ਮੁੱਖ ਮੰਤਰੀ ਨੂੰ ਜਾਣੂੰ ਕਰਾਇਆ ਗਿਆ ਕਿ ਸਤੰਬਰ ਦੇ ਅੰਤ ਤਕ ਪਹਿਲੇ ਪੜਾਅ ਵਿਚ ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਅਤੇ ਸ਼ਹਿਰੀ ਸਥਾਨਕ ਨਿਗਮ ਕ੍ਰਮਵਾਰ 100 ਅਤੇ 200 ਅਟੱਲ ਸੇਵਾ ਕੇਂਦਰ ਸਥਾਪਿਤ ਕਰਨਗੇ। ਇਸ ਤੋਂ ਇਲਾਵਾ, ਕਪੜਾ ਨੀਤੀ ਨੂੰ ਨੋਟੀਫਾਇਡ ਕੀਤਾ ਜਾਵੇਗਾ ਅਤੇ ਨੀਤੀ ਦੇ ਤਹਿਤ ਅੱਠ ਵਿੱਚੋਂ ਚਾਰ ਯੋਜਨਾਵਾਂ ਨੂੰ 30 ਅਪ੍ਰੈਲ ਤਕ ਆਖੀਰੀ ਰੂਪ ਦਿੱਤਾ ਜਾਵੇਗਾ।

ਸਾਈਕਲ ਵੇਲੋਡ੍ਰੋਮ ਲਈ ਅਲਾਟਮੈਂਟ ਕੀਤੀ ਜਾਵੇਗੀ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ 10 ਏਕੜ ਜਮੀਨ

ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਸਾਈਕਲਿੰਗਵੇਲੋਡ੍ਰੋਮ ਦੇ ਨਿਰਮਾਣ ਲਈ ਖੇਡ ਵਿਭਾਗ ਨੂੰ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ 10 ਏਕੜ ਜਮੀਨ ਅਲਾਟ ਕਰਨ ਦੇ ਨਿਰਦੇਸ਼ ਦਿੱਤੇ। ਮੁੱਖ ਮੰਤਰੀ ਨੂੰ ਜਾਣੂੰ ਕਰਾਇਆ ਗਿਆ ਕਿ ਹਰਿਆਣਾ ਅਤੇ ਹੋਰ ਸੂਬਿਆਂ ਦੇ ਕੌਮੀ ਪੱਧਰ ਦੇ ਏਥਲੀਟ ਨੂੰ ਰਿਹਾਇਸ਼ੀ ਸਿਖਲਾਈ ਸਹੂਲਤਾਂ ਪ੍ਰਦਾਨ ਕਰਨ ਲਈ ਪੰਚਕੂਲਾ ਵਿਚ ਸਟੋਰਟਸ ਹਾਸਟਲ ਨਾਲ ਸਬੰਧਿਤ ਕਾਰਜ ਚੱਲ ਰਿਹਾ ਹੈ ਅਤੇ ਜਲਦੀ ਹੀ ਪੂਰਾ ਹੋ ਜਾਵੇਗਾ।

ਸ੍ਰੀ ਮਨੋਹਰ ਲਾਲ ਨੇ ਅਧਿਕਾਰੀਆਂ ਨੂੰ ਹਰਿਆਣਾ ਪਰਿਵਾਰ ਸੁਰੱਖਿਆ ਨਿਆਸ ਰਾਹੀਂ ਸੰਚਾਲਿਤ ਹੋਣ ਵਾਲੀ ਖਿਡਾਰੀ ਬੀਮਾ ਲਾਭ ਯੋਜਨਾ, ਜੋ ਸੱਟ ਅਤੇ ਉਨ੍ਹਾਂ ਦੇ ਕਰਿਅਰ ਵਿਚ ਰੁਕਾਵਟ ਦੇ ਮਾਮਲੇ ਵਿਚ ਖਿਡਾਰੀਆਂ ਨੂੰ ਸਹਾਇਤਾ ਪ੍ਰਦਾਨ ਕਰੇਗੀ, ਨੂੰ ਨੋਟੀਫਾਇਡ ਕਰਨ ਦੇ ਨਿਰਦੇਸ਼ ਦਿੱਤੇ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਪ੍ਰਕ੍ਰਿਆਵਾਂ ਦੀ ਸਮੀਖਿਆ ਕਰਨ ਅਤੇ ਬਜਟ ਐਲਾਨਾਂ ਦੇ ਤਹਿਤ ਸਾਰੀ ਪਰਿਯੋਜਨਾਵਾਂ ਅਤੇ ਯੋਜਨਾਵਾਂ ਨੂੰ ਜਲਦੀ ਤੋਂ ਜਲਦੀ ਆਖੀਰੀ ਰੂਪ ਦੇਣ ਦੇ ਨਿਰਦੇਸ਼ ਦਿੱਤੇ। ਮੀਟਿੰਗ ਵਿਚ ਮੁੱਖ ਸਕੱਤਰ ਸੰਜੀਵ ਕੌਸ਼ਲ, ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਡੀਐਸ ਢੇਸੀ, ਵਧੀਕ ਮੁੱਖ ਸਕੱਤਰ ਟੀਵੀਐਸਐਨ ਪ੍ਰਸਾਦ, ਅਨੁਰਾਗ ਰਸਤੋਗੀ, ਆਨੰਦ ਮੋਹਨ ਸ਼ਰਨ, ਅਰੁਣ ਗੁਪਤਾ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਵੀ ਉਮਾਸ਼ੰਕਰ, ਮੁੱਖ ਮੰਤਰੀ ਦੇ ਵਧੀਕ ਪ੍ਰਧਾਨ ਸਕੱਤਰ ਡਾ. ਅਮਿਤ ਅਗਰਵਾਲ ਸਮੇਤ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਮੌਜੂਦ ਸਨ।

# ਮੁੱਖ ਮੰਤਰੀ ਨੇ ਰਾਜਪੁਰਾ ਦੇ ਵਿਕਾਸ ਲਈ ਕਈ ਪ੍ਰਾਜੈਕਟਾਂ ਨੂੰ ਦਿੱਤੀ ਮਨਜ਼ੂਰੀ

**➢ ਸ਼ਹਿਰ ਵਾਸੀਆਂ ਨੂੰ ਸਟੇਡੀਅਮ, ਆਮ ਆਦਮੀ ਕਲੀਨਿਕ, ਯੋਗਾ ਕੇਂਦਰ, ਪਾਰਕ ਅਤੇ ਹੋਰ ਸਹੂਲਤਾਂ ਮਿਲਣਗੀਆਂ ➢ ਰਾਜਪੁਰਾ ਸ਼ਹਿਰ ਦੇ ਸਰਵਪੱਖੀ ਵਿਕਾਸ ਦੀ ਵਚਨਬੱਧਤਾ ਦੁਹਰਾਈ**

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਰਾਜਪੁਰਾ ਸ਼ਹਿਰ ਦੀ ਨੁਹਾਰ ਬਦਲਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਨੂੰ ਖੇਡ ਸਟੇਡੀਅਮ, ਆਮ ਆਦਮੀ ਕਲੀਨਿਕ, ਯੋਗਾ ਸਹੂਲਤ ਸਮੇਤ ਕਈ ਵਿਕਾਸ ਪ੍ਰੋਜੈਕਟਾਂ ਨੂੰ ਪ੍ਰਵਾਨਗੀ ਦਿੱਤੀ, ਜੋ ਆਗਾਮੀ ਦਿਨਾਂ ਵਿੱਚ ਮੁਕੰਮਲ ਕੀਤੇ ਜਾਣਗੇ। ਇੱਥੇ ਆਪਣੇ ਦਫ਼ਤਰ ਵਿਖੇ ਪੈਪਸੂ ਟਾਊਨਸ਼ਿਪ ਡਿਵੈਲਪਮੈਂਟ ਬੋਰਡ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਤਿਹਾਸਕ ਕਸਬੇ ਰਾਜਪੁਰਾ ਦੀ ਪੁਰਾਤਨ ਸ਼ਾਨ ਨੂੰ ਬਹਾਲ ਕਰਨ ਲਈ ਇਸ ਦੀ ਨੁਹਾਰ ਬਦਲੀ ਜਾਵੇਗੀ। ਉਨ੍ਹਾਂ ਕਿਹਾ ਕਿ ਬੋਰਡ ਦੇ ਬਜਟ ਨੂੰ ਮਨਜ਼ੂਰੀ ਦੇ ਦਿੱਤੀ



ਗਈ ਹੈ, ਜਿਸ ਵਿੱਚ 19.32 ਕਰੋੜ ਰੁਪਏ ਦੀ ਆਮਦਨ ਅਤੇ 7.19 ਕਰੋੜ ਰੁਪਏ ਦੇ ਖਰਚੇ ਦਾ ਅਨੁਮਾਨ ਲਗਾਇਆ ਗਿਆ ਹੈ। ਭਗਵੰਤ ਮਾਨ ਨੇ ਦੱਸਿਆ ਕਿ ਰਾਜਪੁਰਾ ਸ਼ਹਿਰ ਦੇ ਸੁੰਦਰੀਕਰਨ ਲਈ ਬੋਰਡ ਨੇ ਰਾਜਪੁਰਾ ਟਾਊਨ ਵਿਖੇ ਸਟੇਡੀਅਮ (ਲਗਭਗ 7 ਏਕੜ ਰਕਬੇ ਵਾਲਾ) ਅਤੇ ਰਾਜਪੁਰਾ ਸ਼ਹਿਰ ਦੇ ਪੁਰਾਣੇ ਬੱਸ ਸਟੈਂਡ ਦੇ ਨੇੜੇ ਇਕ ਪਾਰਕ (ਲਗਭਗ 7 ਕਨਾਲ ਖੇਤਰ ਵਾਲਾ) ਬਣਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਬੋਰਡ ਦੇ ਕੰਮਕਾਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪੈਪਸੂ ਟਾਊਨਸ਼ਿਪ ਵਿਕਾਸ ਬੋਰਡ ਦੀ ਕਾਰਜਕਾਰੀ ਕਮੇਟੀ ਦੇ ਗਠਨ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਕਮੇਟੀ ਦੀ ਅਗਵਾਈ ਸੀਨੀਅਰ ਅਧਿਕਾਰੀ ਵਿੱਤ ਕਮਿਸ਼ਨਰ ਮਾਲ ਕਰਨਗੇ। ਮੁੱਖ ਮੰਤਰੀ ਭਗਵੰਤ ਮਾਨ ਨੇ ਦੱਸਿਆ ਕਿ ਇਲਾਕਾ ਨਿਵਾਸੀਆਂ ਦੀ ਸਹੂਲਤ ਲਈ ਗਣੇਸ਼ ਨਗਰ ਇਲਾਕੇ ਵਿੱਚ ਕਰੀਬ 84 ਲੱਖ ਰੁਪਏ ਦੀ ਲਾਗਤ ਨਾਲ ਸੜਕ ਦਾ ਨਿਰਮਾਣ ਕਰਨ ਨੂੰ ਵੀ ਮਨਜ਼ੂਰੀ ਦਿੱਤੀ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਝੁੱਗੀ-ਝੌਂਪੜੀਆਂ ਵਾਲੇ ਖੇਤਰਾਂ ਦੀ ਭਲਾਈ ਲਈ ਪੁਰਾਣੀ ਮਿਰਚ ਮੰਡੀ ਵਿੱਚ 585 ਵਰਗ ਗਜ਼ ਖੇਤਰ ਵਿੱਚ ਧਰਮਸ਼ਾਲਾ ਦੇ ਨਿਰਮਾਣ ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਰਾਜਪੁਰਾ ਸ਼ਹਿਰ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਨੇਪਰੇ ਚਾੜ੍ਹਿਆ ਜਾਵੇਗਾ ਅਤੇ ਸਮੇਂ-ਸਮੇਂ 'ਤੇ ਇਨ੍ਹਾਂ ਕੰਮਾਂ ਦੀ ਗੁਣਵੱਤਾ ਦੀ ਜਾਂਚ ਯਕੀਨੀ ਬਣਾਈ ਜਾਵੇਗੀ।

ਇਸ ਮੌਕੇ ਵਿਧਾਇਕ ਤੇ ਬੋਰਡ ਦੀ ਵਾਈਸ ਚੇਅਰਪਰਸਨ ਨੀਨਾ ਮਿੱਤਲ ਤੇ ਹੋਰ ਵੀ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ 'ਚ ਨਾਰਕੋ ਕੋਆਰਡੀਨੇਸ਼ਨ ਸੈਂਟਰ ਮੈਕਾਨਿਜ਼ਮ ਤਹਿਤ ਗਠਿਤ ਜ਼ਿਲ੍ਹਾ ਪੱਧਰੀ ਕਮੇਟੀ ਦੀ ਮੀਟਿੰਗ



ਡਿਪਟੀ ਕਮਿਸ਼ਨਰ ਸ੍ਰੀ ਸੰਯਮ ਅਗਰਵਾਲ ਨਾਰਕੋ ਕੋਆਰਡੀਨੇਸ਼ਨ ਸੈਂਟਰ ਮੈਕਾਨਿਜ਼ਮ ਤਹਿਤ ਗਠਿਤ ਜ਼ਿਲ੍ਹਾ ਪੱਧਰੀ ਕਮੇਟੀ ਦੀ ਮੀਟਿੰਗ ਕਰਦੇ ਹੋਏ । ਉਨ੍ਹਾਂ ਨਾਲ ਦਿਖਾਈ ਦੇ ਰਹੇ ਹਨ ਜ਼ਿਲ੍ਹਾ ਪੁਲਿਸ ਮੁਖੀ ਸ੍ਰੀ ਦੀਪਕ ਹਿਲੋਰੀ ਅਤੇ ਹੋਰ ਅਧਿਕਾਰੀ।

**ਸੰਗਰੂਰ,**
**-ਰੋਜ਼ਾਨਾ ਸਵੇਰਾ-**

ਡਿਪਟੀ ਕਮਿਸ਼ਨਰ ਸ੍ਰੀ ਸੰਯਮ ਅਗਰਵਾਲ ਦੀ ਅਗਵਾਈ ਵਿੱਚ ਜ਼ਿਲ੍ਹੇ 'ਚ ਨਸ਼ਾ ਰੋਕੂ ਗਤੀਵਿਧੀਆਂ ਨਾਲ ਸਬੰਧਤ " ਨਾਰਕੋ ਕੋਆਰਡੀਨੇਸ਼ਨ ਸੈਂਟਰ ਮੈਕਾਨਿਜ਼ਮ " ਤਹਿਤ ਗਠਿਤ ਜ਼ਿਲ੍ਹਾ ਪੱਧਰੀ ਕਮੇਟੀ ਦੀ ਮੀਟਿੰਗ ਦਾ ਆਯੋਜਨ ਕੀਤਾ ਗਿਆ। ਮੀਟਿੰਗ ਵਿੱਚ ਜ਼ਿਲ੍ਹਾ ਪੁਲਿਸ ਮੁਖੀ ਸ੍ਰੀ ਦੀਪਕ ਹਿਲੋਰੀ, ਐਸ.ਡੀ.ਐਮ.ਮਾਲੇਰਕੋਟਲਾ ਸ੍ਰੀ ਕਰਨਦੀਪ ਸਿੰਘ, ਐਸ.ਡੀ.ਐਮ. ਅਹਿਮਦਗੜ੍ਹ ਸ੍ਰੀ ਹਰਬੰਸ ਸਿੰਘ, ਡੀ.ਐਸ.ਪੀ(ਡੀ) ਸ੍ਰੀ ਜਤਿਨ ਬਾਂਸਲ, ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀਮਤੀ ਜਸਵਿੰਦਰ ਕੌਰ, ਡੀ.ਐਚ.ਓ ਡਾ ਭੁਪਿੰਦਰ ਸਿੰਘ, ਡਰੱਗ ਇੰਸਪੈਕਟਰ ਸ੍ਰੀਮਤੀ ਪ੍ਰਨੀਤ ਕੌਰ, ਐਕਸਾਈਜ਼ ਇੰਸਪੈਕਟਰ ਸ੍ਰੀ ਗੌਰਵ ਜਿੰਦਲ,ਸ੍ਰੀ ਅਮਨਦੀਪ ਸਿੰਘ, ਵਣ ਰੇਂਜ ਅਫ਼ਸਰ ਸ੍ਰੀ ਰਮਨਦੀਪ ਸਿੰਘ, ਤਹਿਸੀਲ ਭਲਾਈ ਅਫ਼ਸਰ ਸ੍ਰੀਮਤੀ ਇਨਾਇਤ ਵਾਲਿਆਂ ਐਨ.ਬੀ.ਸੀ ਚੰਡੀਗੜ੍ਹ ਤੋਂ ਸ੍ਰੀ ਰਜਨੀਸ਼,ਏ.ਡੀ.ਓ ਡਾ. ਕੁਲਵੀਰ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਹਾਜ਼ਰ ਸਨ ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ 'ਚ ਨਸ਼ਾ ਰੋਕੂ ਗਤੀਵਿਧੀਆਂ ਤਹਿਤ ਤਸਕਰਾਂ ਖ਼ਿਲਾਫ਼ ਕਾਰਵਾਈ ਦੇ ਨਾਲ-ਨਾਲ ਜਾਗਰੂਕਤਾ 'ਤੇ ਅਭਿਆਨ ਆਰੰਭਣ ਲਈ ਨਿਰਦੇਸ਼ ਦਿੱਤੇ । ਉਨ੍ਹਾਂ ਕਿਹਾ ਨਸ਼ੇ 'ਚ ਗ੍ਰਸਤ ਲੋਕਾਂ ਦਾ ਇਲਾਜ, ਮੁੜ ਵਸੇਬਾ ਵੀ ਸਾਡੀ ਤਰਜੀਹ ਹੋਣੀ ਚਾਹੀਦੀ ਹੈ । ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਦੀਆਂ ਦਵਾਈ ਵਿਕ੍ਰੇਤਾਵਾਂ ਦੀ ਚੈਕਿੰਗਾਂ ਲਗਾਤਾਰ ਕਰਨ ਨੂੰ ਯਕੀਨੀ ਬਣਾਇਆ ਜਾਵੇ । ਬਿਨਾਂ ਪਰਚੀ ਤੋਂ ਪਾਬੰਦੀ ਸ਼ੁਦਾ ਦਵਾਈਆਂ ਵੇਚਣ ਵਾਲੇ ਦੁਕਾਨਦਾਰਾਂ ਖ਼ਿਲਾਫ਼ ਵਿਭਾਗੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ।

ਉਨ੍ਹਾਂ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਹਦਾਇਤ ਕੀਤੀ ਕਿ ਉਹ ਜ਼ਿਲ੍ਹੇ ਦੇ ਸਮੁੱਚੇ ਸਕੂਲਾਂ ਵਿੱਚ ਨਸ਼ਾ ਰੋਕੂ ਗਤੀਵਿਧੀਆਂ ਨਾਲ ਸਬੰਧਤ ਸੈਮੀਨਾਰ ਦਾ ਆਯੋਜਨ ਕਰਨ ਨੂੰ ਯਕੀਨੀ ਬਣਾਉਣ ਅਤੇ ਸੈਮੀਨਾਰਾਂ ਦੀਆਂ ਗਤੀਵਿਧੀਆਂ ਵੱਖ ਵੱਖ ਸੋਸ਼ਲ ਮੀਡੀਆ ਪਲੇਟਫ਼ਾਰਮਾਂ ਤੇ ਸ਼ੇਅਰ ਕਰਨ ਤਾਂ ਜੋ ਲੋਕਾਂ ਵਿੱਚ ਜਾਗਰੂਕਤਾ ਪੈਦਾ ਹੋ ਸਕੇ । ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ 06 ਸਰਕਾਰੀ ਓਟ ਸੈਂਟਰਾਂ ਅਤੇ 03 ਪ੍ਰਾਈਵੇਟ ਨਸ਼ਾ ਛਡਾਓ ਕੇਂਦਰ ਚੱਲ ਰਹੇ ਹਨ । ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਓਟ ਸੈਂਟਰਾਂ ਅਤੇ ਪ੍ਰਾਈਵੇਟ ਨਸ਼ਾ ਛਡਾਓ ਕੇਂਦਰ ਵਿਖੇ ਆਉਣ ਵਾਲੇ ਮਰੀਜ਼ਾਂ ਦਾ ਪੁਖ਼ਤਾ ਰਿਕਾਰਡ ਰੱਖਣ ਅਤੇ ਉਨ੍ਹਾਂ ਦੀ ਦਵਾਈ ਸਬੰਧੀ ਫਲੋਅੱਪ ਵੀ ਲੈਣ ।

ਜ਼ਿਲ੍ਹਾ ਪੁਲਿਸ ਮੁਖੀ ਸ੍ਰੀ ਦੀਪਕ ਹਿਲੋਰੀ ਨੇ ਦੱਸਿਆ ਕਿ ਜਨਵਰੀ 2023 ਤੋਂ ਹੁਣ ਤੱਕ ਜ਼ਿਲ੍ਹੇ 'ਚ ਐਨ ਡੀ ਪੀ ਐਸ ਐਕਟ ਤਹਿਤ 69 ਮੁਕੱਦਮਿਆਂ 'ਚ 95 ਦੋਸ਼ੀਆਂ ਦੀ ਗ੍ਰਿਫ਼ਤਾਰ ਕੀਤਾ ਗਿਆ ਹੈ । ਉਨ੍ਹਾਂ ਨਸ਼ਾ ਬਰਾਮਦਗੀ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਮੁਕੱਦਮਿਆਂ 'ਚ ਕਰੀਬ 04 ਲੱਖ 03 ਹਜ਼ਾਰ ਰੁਪਏ ਦੀ ਡਰੱਗ ਮਨੀ, 287 ਕਿੱਲੋ 500 ਗਰਾਮ ਭੁੱਕੀ, 8595 ਗੋਲੀਆਂ, 878 ਗ੍ਰਾਮ ਹੀਰੋਇਨ, 58 ਸ਼ੀਸ਼ੀਆਂ, 1200 ਨਸ਼ੀਲੇ ਕੈਪਸੂਲ, 03 ਕਿੱਲੋਗਰਾਮ 800 ਗਰਾਮ ਅਫ਼ੀਮ, 50 ਗਰਾਮ ਸਮੈਕ, 500 ਗਰਾਮ ਸੁਲਫ਼ਾ ਅਤੇ )07 ਕਿੱਲੋ 500 ਗਰਾਮ ਹਰੇ ਪੌਦੇ(ਖਸਖਸ) ਸ਼ਾਮਲ ਹੈ ।

# ਪੀ.ਆਈ.ਐਸ. ਦੇ ਰੈਜੀਡੈਸ਼ਲ ਖੇਡ ਵਿੰਗਾਂ ਲਈ ਟਰਾਇਲ 3 ਅਪਰੈਲ ਤੋਂ: ਮੀਤ ਹੇਅਰ

(ਸ.ਫਾ 1 ਦੀ ਬਾਕੀ)

ਬਠਿੰਡਾ ਵਿਖੇ 15 ਤੇ 16 ਅਪਰੈਲ ਨੂੰ ਬਠਿੰਡਾ, ਬਰਨਾਲਾ ਤੇ ਮਾਨਸਾ ਜ਼ਿਲ੍ਹਿਆਂ, ਫਰੀਦਕੋਟ ਵਿਖੇ 18 ਤੇ 19 ਅਪਰੈਲ ਨੂੰ ਫਰੀਦਕੋਟ, ਮੁਕਤਸਰ ਸਾਹਿਬ, ਫਾਜ਼ਿਲਕਾ ਤੇ ਫਿਰੋਜ਼ਪੁਰ ਜ਼ਿਲ੍ਹਿਆਂ, ਸ੍ਰੀ ਮੁਕਤਸਰ ਸਾਹਿਬ ਵਿਖੇ ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਫਿਰੋਜ਼ਪੁਰ ਤੇ ਫਰੀਦਕੋਟ ਜ਼ਿਲ੍ਹਿਆਂ, ਐਸ.ਏ.ਐਸ. ਨਗਰ ਵਿਖੇ 21 ਤੇ 22 ਅਪਰੈਲ ਨੂੰ ਐਸ.ਏ.ਐਸ. ਨਗਰ ਤੇ ਰੂਪਨਗਰ ਜ਼ਿਲ੍ਹਿਆਂ ਦੇ ਟਰਾਇਲ ਹੋਣਗੇ।

ਇਸ ਤੋਂ ਇਲਾਵਾ ਰੂਪਨਗਰ ਵਿਖੇ 3 ਤੇ 4 ਅਪਰੈਲ ਨੂੰ ਰੋਇੰਗ ਖੇਡ ਲਈ ਸਾਰੇ ਜ਼ਿਲ੍ਹਿਆਂ, ਬਰਨਾਲਾ ਵਿਖੇ 24 ਤੇ 25 ਅਪਰੈਲ ਨੂੰ ਟੇਬਲ ਟੈਨਿਸ ਖੇਡ ਲਈ ਸਾਰੇ ਜ਼ਿਲ੍ਹਿਆਂ ਅਤੇ ਮਾਹਿਲਪੁਰ (ਹੁਸ਼ਿਆਰਪੁਰ) ਵਿਖੇ 24 ਤੇ 25 ਅਪਰੈਲ ਨੂੰ ਫੁਟਬਾਲ ਲਈ ਸਾਰੇ ਜ਼ਿਲ੍ਹਿਆਂ ਦੇ ਟਰਾਇਲ ਹੋਣਗੇ।

ਟਰਾਇਲਾਂ ਵਿੱਚ ਭਾਗ ਲੈਣ ਵਾਲੇ ਖਿਡਾਰੀ ਟਰਾਇਲ ਵਾਲੇ ਦਿਨ ਸਵੇਰੇ 8:30 ਵਜੇ ਰਿਪੋਰਟ ਕਰਨਗੇ। ਖਿਡਾਰੀ ਪੰਜਾਬ ਸੂਬੇ ਦਾ ਵਸਨੀਕ ਹੋਵੇ ਅਤੇ ਉਸ ਵੱਲੋਂ ਪਿਛਲੇ ਤਿੰਨ ਸਾਲਾਂ ਵਿੱਚ ਜਿਲ੍ਹਾ/ਸਟੇਟ/ਨੈਸ਼ਨਲ ਪੱਧਰ ਦੇ ਟੂਰਨਾਮੈਂਟਾਂ ਵਿੱਚ ਤਮਗ਼ਾ ਪ੍ਰਾਪਤ ਕੀਤਾ ਹੋਵੇ, ਜਿਨ੍ਹਾਂ ਖਿਡਾਰੀਆਂ ਦੇ ਮਾਤਾ/ਪਿਤਾ ਯੂ.ਟੀ. (ਚੰਡੀਗੜ੍ਹ) ਵਿਚ ਸਥਿਤ ਪੰਜਾਬ ਰਾਜ ਦੇ ਸਰਕਾਰੀ ਅਦਾਰਿਆਂ ਵਿੱਚ ਤਾਇਨਾਤ ਹਨ, ਦੇ ਬੱਚੇ ਵੀ ਟਰਾਇਲਾਂ ਵਿੱਚ ਭਾਗ ਲੈ ਸਕਦੇ ਹਨ।

# ਗਗਨ ਮਾਨ ਅਤੇ ਡਿਪਟੀ ਕਮਿਸ਼ਨਰ ਨੇ ਲਿਆ ਬੇਮੌਸਮੀ ਬਰਸਾਤ ਕਾਰਨ ਫਸਲਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ

(ਸ.ਫਾ 1 ਦੀ ਬਾਕੀ)

ਲਗਾਇਆ ਜਾ ਸਕੇ । ਅਨਮੋਲ ਗਗਨ ਮਾਨ ਨੇ ਅੱਗੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੇ ਕਿਸਾਨਾਂ ਨੂੰ ਵੱਡੀ ਰਾਹਤ ਦਿੱਤੀ ਹੈ। ਨੇ ਫਸਲਾਂ ਦੇ ਨੁਕਸਾਨ ਦੇ ਮੁਆਵਜ਼ੇ ਵਿੱਚ 25 ਫੀਸਦੀ ਵਾਧੇ ਦਾ ਐਲਾਨ ਕੀਤਾ ਹੈ । ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਫਸਲ ਦਾ ਨੁਕਸਾਨ 75 ਫੀਸਦੀ ਤੋਂ ਵੱਧ ਹੁੰਦਾ ਹੈ ਤਾਂ ਸੂਬਾ ਸਰਕਾਰ ਕਿਸਾਨਾਂ ਨੂੰ 15,000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦੇਵੇਗੀ । ਉਨ੍ਹਾਂ ਕਿਹਾ ਕਿ ਜੇਕਰ ਨੁਕਸਾਨ 33 ਤੋਂ 75 ਫੀਸਦੀ ਤੱਕ ਹੁੰਦਾ ਹੈ ਤਾਂ ਕਿਸਾਨਾਂ ਨੂੰ 6750 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇਗਾ । ਉਨ੍ਹਾਂ ਕਿਹਾ ਕਿ ਮਜ਼ਦੂਰਾਂ ਨੂੰ 10 ਫੀਸਦੀ ਮੁਆਵਜ਼ਾ ਦਿੱਤਾ ਜਾਵੇਗਾ ਤਾਂ ਜੋ ਉਨ੍ਹਾਂ ਨੂੰ ਕਿਸੇ ਕਿਸਮ ਦੀ ਆਰਥਿਕ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ । ਉਨ੍ਹਾਂ ਕਿਹਾ ਕਿ ਆਮ ਆਦਮੀ ਸਰਕਾਰ ਨੇ ਹਮੇਸ਼ਾ ਹੀ ਕਿਸਾਨਾਂ ਅਤੇ ਉਨ੍ਹਾਂ ਦੇ ਹੱਕਾਂ ਦਾ ਸਮਰਥਨ ਕੀਤਾ ਹੈ ਅਤੇ ਸਰਕਾਰ ਨੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਕਈ ਯੋਗ ਕਦਮ ਚੁੱਕੇ ਹਨ । ਉਨ੍ਹਾਂ ਕਿਹਾ ਕਿ ਲਗਾਤਾਰ ਹੋ ਰਹੀ ਬਾਰਿਸ਼ ਹਾੜੀ ਦੀ ਕਣਕ ਅਤੇ ਹੋਰ ਫਸਲਾਂ ਲਈ ਨੁਕਸਾਨਦੇਹ ਹੈ ।

# ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ, ਦੇਵੀਗੜ੍ਹ, ਪਟਿਆਲਾ ਵਿੱਚ ਯੂ.ਕੇ.ਜੀ. ਜਮਾਤ ਦੇ ਨਤੀਜੇ ਐਲਾਨੇ



**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਜਿਲ੍ਹਾ ਪਟਿਆਲਾ ਦੀ ਨਾਮਵਰ ਸੰਸਥਾ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ, ਦੇਵੀਗੜ੍ਹ, ਪਟਿਆਲਾ ਵਿੱਚ ਯੂ.ਕੇ.ਜੀ. ਜਮਾਤ ਦੇ ਨਤੀਜੇ ਐਲਾਨੇ ਗਏ ਅਤੇ ਗਰੈਜੂਏਸ਼ਨ ਡੇ ਮਨਾਇਆ ਗਿਆ। ਸਕੂਲ ਡਾਇਰੈਕਟਰ ਸ. ਭੁਪਿੰਦਰ ਸਿੰਘ ਨੇ ਗਰੈਜੂਏਸ਼ਨ ਡੇ ਵਿੱਚ ਪੁੱਜੇ ਮਾਪਿਆਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਨਵੇਂ ਸੈਸ਼ਨ ਦੀ ਸ਼ੁਰੂਆਤ ਸੰਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਵਿਦਿਆਰਥੀਆਂ ਵੱਲੋਂ ਵੱਖ ਵੱਖ ਖੇਡਾਂ ਜਿਵੇਂ ਤਾਇਕਵਾਂਡੋ, ਵੁਸ਼ੂ, ਕਰਾਟੇ, ਕ੍ਰਿਕਟ, ਹੈਂਡਬਾਲ, ਵਾਲੀਬਾਲ, ਸ਼ੂਟਿੰਗ, ਆਦਿ ਦੇ ਨਾਲ—ਨਾਲ ਅਕਾਦਮਿਕ ਅਤੇ ਹੋਰ ਖੇਤਰਾਂ ਵਿੱਚ ਜਿਲ੍ਹਾ, ਰਾਜ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਵਿੱਚ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਬਾਰੇ ਦੱਸਿਆ ਅਤੇ ਉਨ੍ਹਾਂ ਦੱਸਿਆ ਕਿ ਇਸ ਸਾਲ ਤੋਂ ਕਿੱਕ ਬਾਕਸਿੰਗ, ਕ੍ਰਿਕਟ (ਲੜਕੀਆਂ) ਆਦਿ ਖੇਡਾਂ ਵੀ ਸ਼ੁਰੂ ਕਰਨ ਦੀ ਘੋਸ਼ਣਾ ਕੀਤੀ।

ਇਸ ਖਾਸ ਸਮਾਰੋਹ ਦੌਰਾਨ ਮਾਪਿਆਂ ਨੂੰ ਨਵੀਂ ਸਿੱਖਿਆ ਨੀਤੀ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸਕੂਲ ਦੇ ਬੱਚਿਆਂ ਨੇ ਆਪਣਾ ਟੈਲੇਂਟ ਵਿਖਾਉਂਦੇ ਹੋਏ ਡਾਂਸ ਅਤੇ ਗੀਤ ਆਈਟਮ ਪੇਸ਼ ਕੀਤੇ। ਅੰਤ ਵਿੱਚ ਡਾਇਰੈਕਟਰ ਭੁਪਿੰਦਰ ਸਿੰਘ, ਮੈਡਮ ਰਵਿੰਦਰ ਕੌਰ ਅਤੇ ਅਕਾਦਮਿਕ ਡਾਇਰੈਕਟਰ ਮੈਡਮ ਤੇਜਿੰਦਰ ਕੌਰ ਨੇ ਯੂ.ਕੇ.ਜੀ ਜਮਾਤ ਦੇ ਵਿਦਿਆਰਥੀਆਂ ਨੂੰ ਡਿਗਰੀਆਂ ਵੰਡੀਆਂ ਗਈਆਂ।

# ਖੇਡਾਂ ਇਕ ਸਿਹਤਮੰਦ ਸਮਾਜ ਦੀ ਸਿਰਜਣਾ ਕਰਨ ਵਿਚ ਵੱਡਾ ਰੋਲ ਅਦਾ ਕਰਦੀਆਂ ਹਨ: ਮੈਡਮ ਰਵਿੰਦਰ ਕੌਰ



**ਸਮਾਣਾ,**
**-ਰੋਜ਼ਾਨਾ ਸਵੇਰਾ-**

ਖੇਡਾਂ ਜਿੱਥੇ ਸਾਡੇ ਅੰਦਰ ਪਿਆਰ ਅਤੇ ਭਾਈਚਾਰਕ ਸਾਂਝ ਪੈਦਾ ਕਰਦੀਆਂ ਹੋਈਆਂ ਉਥੇ ਹੀ ਇਕ ਸਿਹਤਮੰਦ ਸਮਾਜ ਦੀ ਸਿਰਜਣਾ ਕਰਨ ਵਿਚ ਵੱਡਾ ਰੋਲ ਅਦਾ ਕਰਦੀਆਂ ਹਨ ਅਤੇ ਖੇਡਾਂ ਨਾਲ ਹੀ ਖ਼ਿਡਾਰੀ ਆਪਣੀ ਅਤੇ ਆਪਣੇ ਦੇਸ਼ ਦੀ ਪਛਾਣ ਪੂਰੀ ਦੁਨੀਆਂ 'ਚ ਬਣਾਉਣ 'ਚ ਅਹਿਮ ਰੋਲ ਅਦਾ ਕਰਦੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਵਿਧਾਇਕ ਰਜਿੰਦਰ ਸਿੰਘ ਦੀ ਧਰਮਪਤਨੀ ਮੈਡਮ ਰਵਿੰਦਰ ਕੌਰ ਨੇ ਬਾਬਾ ਬੰਦਾ ਸਿੰਘ ਬਹਾਦਰ ਯੂਥ ਕਲੱਬ ਫਤਿਹਪੁਰ ਵਲੋਂ ਐਨ ਆਰ ਆਈ ਲੱਖਾ ਢੋਟ ਅਤੇ ਕਲੱਬ ਪ੍ਰਧਾਨ ਸਿਮਰਨ ਢੋਟ ਦੀ ਅਗਵਾਈ ਹੇਠ ਕਰਵਾਏ ਕਬੱਡੀ ਕੱਪ ਤੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਉਪਰੰਤ ਸੰਬੋਧਨ ਕਰਦਿਆਂ ਕੀਤਾ।

ਇਸ ਮੌਕੇ ਮਨੁੱਖਤਾ ਦੀ ਸੇਵਾ ਸਮਾਜ ਭਲਾਈ ਸੰਸਥਾ ਤੋਂ ਪਾਲ ਖਰੌੜ ਲਚਕਾਣੀ, ਬਾਬਾ ਰਣਜੋਧ ਸਿੰਘ, ਨਗਰ ਕੌਂਸਲ ਪ੍ਰਧਾਨ ਅਸ਼ਵਨੀ ਗੁਪਤਾ, ਯਾਦਵਿੰਦਰ ਸਿੰਘ ਧਨੌਰੀ, ਮੰਗਤ ਮਵੀਂ, ਦੀਪੂ ਬਾਲੀ ਅਤੇ ਸਚਿਨ ਕੰਬੋਜ, ਵਿੱਕੀ ਢੋਟ, ਰੋਮਨ ਢੋਟ, ਜੋਜ ਢੋਟ, ਜੋਤੀ ਢੋਟ, ਮਨਿੰਦਰ ਢਿਲੋਂ, ਹਿੱਟੂ ਜੋਸ਼ਨ, ਵੱਗਾ ਨੰਬਰਦਾਰ, ਰਾਣਾ ਢਿੱਲੋਂ, ਹੀਰਾ ਮਠਾੜੂ, ਜਸਪਾਲ ਸਿੰਘ, ਜਤਿੰਦਰ ਝੰਡ, ਗੀਤਾ ਸਾਗਰਾ, ਵਿਸ਼ਾਲ ਢੋਟ, ਅਮਨ ਢੋਟ, ਪ੍ਰਿੰਸ ਢੋਟ ਅਤੇ ਜੱਜ ਢਿਲੋਂ ਆਦਿ ਵੀ ਮੌਜੂਦ ਰਹੇ।

# ਸੱਭਿਆਚਾਰ ਤੇ ਵਿਰਸਾ



# ਅਵਚੇਤਨ ਦੀ ਸ਼ਕਤੀ

## ਚੇਤਨ ਅਵਚੇਤਨ

■ ਨਰਿੰਦਰ ਸਿੰਘ ਕਪੂਰ

**ਅਵਚੇਤਨ ਨੂੰ ਹਰ ਕੋਈ ਵਰਤ ਸਕਦਾ ਹੈ। ਦਿਨ ਦਾ ਕੁਝ ਭਾਗ ਇਕੱਲਿਆਂ ਗੁਜ਼ਾਰੋ। ਇਕੱਲਿਆਂ ਸੈਰ ਕਰੋ। ਦਰੱਖਤ ਥੱਲੇ ਇਕੱਲਿਆਂ ਬੈਠੋ।**

***ਜਦੋਂ ਮਨੁੱਖ ਕਹਿੰਦਾ ਹੈ ਕਿ ਉਸ ਦੀਆਂ ਅਰਦਾਸਾਂ ਨਹੀਂ ਮੰਨੀਆਂ ਗਈਆਂ ਤਾਂ ਉਹ ਕਦੇ ਨਹੀਂ ਸੋਚਦਾ ਕਿ ਉਸ ਦੀਆਂ ਅਰਦਾਸਾਂ .ਗਲਤ ਅਤੇ ਨਾਵਾਜਬ ਸਨ। ਤਿੰਨ ਧੀਆਂ ਦੀ ਇੱਕ ਮਾਂ ਨੇ ਅਰਦਾਸ ਕੀਤੀ ਕਿ ਦਰਾਣੀ ਦੇ ਵੀ ਲੜਕੀ ਹੋਵੇ, ਲੜਕਾ ਹੋਇਆ।***

ਮਨ ਦੀ ਡੂੰਘਾਈ ਜਾਂ ਡੂੰਘੇ ਮਨ ਨੂੰ ਅਵਚੇਤਨ ਕਹਿੰਦੇ ਹਨ। ਇਸੇ ਨੂੰ ਅੰਦਰਲੀ ਸ਼ਕਤੀ, ਰੂਹਾਨੀ ਸ਼ਕਤੀ ਜਾਂ ਮਨ ਦੀ ਸ਼ਕਤੀ ਵੀ ਕਿਹਾ ਜਾਂਦਾ ਹੈ। ਸਾਡਾ ਸਭ ਦਾ ਇੱਕ ਸਾਂਝਾ ਮਨ ਹੁੰਦਾ ਹੈ, ਸਾਰੀ ਮਨੁੱਖੀ ਨਸਲ ਦਾ ਸਾਂਝਾ ਮਨ। ਇਹ ਲੱਖਾਂ ਕਰੋੜਾਂ ਸਾਲਾਂ ਵਿੱਚ ਉਸਰਿਆ ਹੈ ਅਤੇ ਇਸ ਵਿੱਚ ਸਾਰੀ ਮਾਨਵ ਜਾਤੀ ਦੇ ਸਾਰੇ ਅਨੁਭਵ, ਸੰਸੇ, ਡਰ, ਭੈਅ, ਆਸਾਂ ਉਮੀਦਾਂ ਵਸਦੀਆਂ ਹਨ। ਇਹ ਸਮੁੱਚੀ ਮਾਨਵ ਜਾਤੀ ਦਾ ਸਾਂਝਾ ਅਵਚੇਤਨ ਹੈ। ਇਹ ਬੜਾ ਵਿਸ਼ਾਲ ਹੁੰਦਾ ਹੈ। ਹਰੇਕ ਵਿਅਕਤੀ ਦਾ ਇੱਕ ਵਿਅਕਤੀਗਤ ਮਨ ਵੀ ਹੁੰਦਾ ਹੈ ਜਿਸ ਨਾਲ ਅਸੀਂ ਰੋਜ਼ਾਨਾ ਜੀਵਨ ਦੀਆਂ ਨਿੱਜੀ, ਪਰਿਵਾਰਕ, ਸਮਾਜਿਕ ਤੇ ਆਰਥਿਕ ਸਮੱਸਿਆਵਾਂ ਸੋਚਦੇ ਅਤੇ ਸੁਲਝਾਉਂਦੇ ਹਾਂ। ਇਸ ਨੂੰ ਚੇਤਨ ਮਨ ਕਹਿੰਦੇ ਹਨ। ਸਾਧਾਰਨ ਮਨੁੱਖਾਂ ਅਤੇ ਮਹਾਂਪੁਰਸ਼ਾਂ, ਕਲਾਕਾਰਾਂ, ਕਵੀਆਂ, ਚਿੱਤਰਕਾਰਾਂ, ਚਿੰਤਕਾਂ, ਵਿਗਿਆਨੀਆਂ ਵਿੱਚ ਫ਼ਰਕ ਇਹ ਹੁੰਦਾ ਹੈ ਕਿ ਸਾਧਾਰਨ ਲੋਕ ਚੇਤਨ ਮਨ ਹੀ ਵਰਤਦੇ ਹਨ ਜਦੋਂਕਿ ਮਹਾਂਪੁਰਸ਼ਾਂ ਦੀ ਅਵਚੇਤਨ ਸ਼ਕਤੀ ਵੀ ਬੜੀ ਬਲਵਾਨ ਹੁੰਦੀ ਹੈ। ਮਨੁੱਖ ਦੇ ਅੰਦਰ ਅਨੇਕਾਂ ਦਰਵਾਜ਼ੇ ਹਨ ਜਿਹੜੇ ਖੁੱਲ੍ਹਦੇ ਅਤੇ ਬੰਦ ਹੁੰਦੇ ਰਹਿੰਦੇ ਹਨ। ਅਵਚੇਤਨ ਦੇ ਨੇਮ ਵਿਸ਼ਵ-ਵਿਆਪੀ ਹਨ। ਇਨ੍ਹਾਂ ਨੇਮਾਂ ਨੂੰ ਸਮਝਣ ਦੀ ਲੋੜ ਹੈ। ਸਾਡੇ ਜੀਵਨ ਨੂੰ ਸਾਡੇ ਅਵਚੇਤਨ ਵਿੱਚ ਬੈਠੇ ਵਿਸ਼ਵਾਸ ਚਲਾਉਂਦੇ ਹਨ। ਸਾਡੀ ਸੋਚ ਅਤੇ ਸਾਡੇ ਤਰਕ ਵੀ ਸਾਡੇ ਵਿਸ਼ਵਾਸਾਂ ਦੇ ਸਿਰਜੇ ਹੁੰਦੇ ਹਨ। ਮਨ ਵਿੱਚ ਬੈਠੇ ਪੱਕੇ ਵਿਚਾਰਾਂ ਨੂੰ ਹੀ ਵਿਸ਼ਵਾਸ ਕਹਿੰਦੇ ਹਨ। ਮਹਾਨ ਸੋਚਾਂ ਅਤੇ ਅਨੁਭਵਾਂ ਨੇ ਮਨ ਦੀ ਸ਼ਕਤੀ ਉਸਾਰੀ ਹੈ। ਇਸ ਸ਼ਕਤੀ ਨਾਲ ਮਨ ਨੇ ਵਿਕਾਸ ਕੀਤਾ ਹੈ ਅਤੇ ਅਵਚੇਤਨ ਡੂੰਘਾ ਤੇ ਵਿਸ਼ਾਲ ਹੋਇਆ ਹੈ। ਸਾਨੂੰ ਸਰੀਰ ਦੀਆਂ ਅੱਖਾਂ ਵਰਤਣ ਦੀ ਜਾਚ ਅਤੇ ਆਦਤ ਹੈ। ਮਨ ਦੀਆਂ ਅੱਖਾਂ ਕੋਈ ਕੋਈ ਵਰਤਦਾ ਹੈ। ਮਨ ਦੀਆਂ ਅੱਖਾਂ ਕੁਝ ਹੋਰ ਹੀ ਵੇਖਦੀਆਂ ਹਨ। ਇਨ੍ਹਾਂ ਨੂੰ ਜੋ ਦਿਸਦਾ ਹੈ, ਉਹ ਸਾਧਾਰਨ ਨਹੀਂ, ਅਨੋਖਾ ਅਤੇ ਨਿਆਰਾ ਹੁੰਦਾ ਹੈ। ਅਵਚੇਤਨ ਦੇ ਪੱਖੋਂ ਮਨੁੱਖ ਦੋ ਪ੍ਰਕਾਰ ਦੇ ਹੁੰਦੇ ਹਨ: ਜਾਗੇ ਹੋਏ ਅਤੇ ਸੁੱਤੇ ਹੋਏ। ਸੁੱਤੇ ਹੋਏ ਡਰ-ਭੈਅ ਅਤੇ ਸੰਸਿਆਂ ਦਾ ਸ਼ਿਕਾਰ ਹੁੰਦੇ ਹਨ। ਇਨ੍ਹਾਂ ਦੀਆਂ ਚਿੰਤਾਵਾਂ ਇਨ੍ਹਾਂ ਨੂੰ ਵਿਕਾਸ ਨਹੀਂ ਕਰਨ ਦਿੰਦੀਆਂ। ਜਾਗੇ ਹੋਏ ਵਿਅਕਤੀ ਚੁੰਬਕ ਵਾਂਗ ਹੁੰਦੇ ਹਨ। ਜਾਗੇ ਹੋਏ ਲੋਹੇ ਨੂੰ ਹੀ ਚੁੰਬਕ ਕਹਿੰਦੇ ਹਨ। ਚੁੰਬਕ ਆਪਣੇ ਭਾਰ ਨਾਲੋਂ ਬਾਰਾਂ ਗੁਣਾਂ ਵੱਧ ਭਾਰ ਚੁੱਕ ਅਤੇ ਖਿੱਚ ਸਕਦਾ ਹੈ ਜਦੋਂਕਿ ਲੋਹਾ, ਖੰਭ ਨੂੰ ਵੀ ਨਹੀਂ ਚੁੱਕ ਸਕਦਾ। ਜਦੋਂ ਅਵਚੇਤਨ ਜਾਗ ਪੈਂਦਾ ਹੈ ਤਾਂ ਵਿਗਿਆਨੀਆਂ ਨੂੰ ਫਾਰਮੂਲੇ ਅਤੇ ਚਿੰਤਕਾਂ ਨੂੰ ਸਿਧਾਂਤ ਸੁੱਝਦੇ ਹਨ, ਗੁਰੂਆਂ ਨੂੰ ਬਾਣੀ ਉਤਰਦੀ ਹੈ, ਰਿਸ਼ੀ ਵੇਦ ਰਚਦੇ ਹਨ, ਕਵੀ ਮਹਾਂ-ਕਾਵਿ ਲਿਖਦੇ ਹਨ; ਤੁਹਾਨੂੰ ਵੀ ਕਦੇ ਚਿਰਾਂ ਦੀ ਭੁੱਲੀ ਚੀਜ਼ ਅਚਾਨਕ ਯਾਦ ਆਈ ਹੋਵੇਗੀ, ਕਿਸੇ ਸਮੱਸਿਆ ਦਾ ਹੱਲ ਆਪਮੁਹਾਰੇ ਸੁੱਝਿਆ ਹੋਵੇਗਾ, ਮਨ ਨੇ ਹਾਮੀ ਭਰ ਦਿੱਤੀ ਹੋਵੇਗੀ ਕਿ ਸਫਲਤਾ ਮਿਲੇਗੀ, ਅੰਦਰੋਂ ਆਵਾਜ਼ ਆਈ ਹੋਵੇਗੀ ਕਿ ਸੱਚ ਬੋਲਣਾ ਹੈ। ਇਹ ਅਵਚੇਤਨ ਦੀਆਂ ਕਰਾਮਾਤਾਂ ਹਨ। ਜਿਹੜੇ ਪਰਮਾਤਮਾ ਦੇ ਦੀਦਾਰ ਹੋਣ ਦੀਆਂ ਗੱਲਾਂ ਕਰਦੇ ਹਨ, ਉਨ੍ਹਾਂ ਨੇ ਰੱਬ ਨੂੰ ਅਵਚੇਤਨ ਦੀਆਂ ਅੱਖਾਂ ਨਾਲ ਵੇਖਿਆ ਹੋਵੇਗਾ। ਅਵਚੇਤਨ ਦੀ ਸ਼ਕਤੀ ਵਰਤੋਗੇ ਤਾਂ ਸਹੀ ਉੱਤਰ ਮਿਲੇਗਾ। ਸਹੀ ਉੱਤਰ ਅਨੁਸਾਰ ਅਮਲ ਕਰਨਾ ਸੌਖਾ ਹੋਵੇਗਾ, ਸ਼ਕਤੀ ਵਿਅਰਥ ਨਹੀਂ ਜਾਵੇਗੀ, ਧਿਆਨ ਨਹੀਂ ਖਿੰਡੇਗਾ। ਇਹੀ ਕਾਰਨ ਹੈ ਕਿ ਕੁਝ ਲੋਕ ਆਪਣੇ ਨਿਸ਼ਾਨੇ ਸੌਖਿਆਂ ਹੀ ਪ੍ਰਾਪਤ ਕਰ ਲੈਂਦੇ ਹਨ ਅਤੇ ਕਈ ਮੁੜ ਮੁੜ ਅਸਫਲ ਹੁੰਦੇ ਰਹਿੰਦੇ ਹਨ। ਇੱਕ ਪੁੱਤਰ ਨੂੰ ਸ਼ਿਕਾਇਤ ਸੀ ਕਿ ਉਸ ਦੇ ਪਿਤਾ ਨੇ ਉਸ ਨੂੰ ਸਹੀ ਢੰਗ ਨਾਲ ਨਹੀਂ ਸਮਝਿਆ। ਇੱਕ ਦਿਨ ਅਚਾਨਕ ਉਸ ਨੂੰ ਖ਼ਿਆਲ ਆਇਆ ਕਿ ਮੈਂ ਹੀ ਆਪਣੇ ਪਿਤਾ ਨੂੰ ਸਹੀ ਢੰਗ ਨਾਲ ਨਹੀਂ ਸਮਝਿਆ।

ਜਦੋਂ ਮਨੁੱਖ ਕਹਿੰਦਾ ਹੈ ਕਿ ਉਸ ਦੀਆਂ ਅਰਦਾਸਾਂ ਨਹੀਂ ਮੰਨੀਆਂ ਗਈਆਂ ਤਾਂ ਉਹ ਕਦੇ ਨਹੀਂ ਸੋਚਦਾ ਕਿ ਉਸ ਦੀਆਂ ਅਰਦਾਸਾਂ ਗ਼ਲਤ ਅਤੇ ਨਾਵਾਜਬ ਸਨ। ਤਿੰਨ ਧੀਆਂ ਦੀ ਇੱਕ ਮਾਂ ਨੇ ਅਰਦਾਸ ਕੀਤੀ ਕਿ ਦਰਾਣੀ ਦੇ ਵੀ ਲੜਕੀ ਹੋਵੇ, ਲੜਕਾ ਹੋਇਆ। ਦੂਜੀ ਵਾਰ ਟੂਣੇ ਵੀ ਕਰਵਾਏ, ਫਿਰ ਲੜਕਾ ਹੋਇਆ। ਉਸ ਦੀ ਅਰਦਾਸ ਵਿੱਚ ਨੁਕਸ ਇਹ ਸੀ ਕਿ ਇਹ ਉਸ ਦੇ ਆਪਣੇ ਲਾਭ ਲਈ ਨਹੀਂ ਸੀ, ਕਿਸੇ ਦੇ ਨੁਕਸਾਨ ਲਈ ਸੀ। ਅਸੀਂ ਵੇਖਦੇ ਹਾਂ ਕਿ ਘੱਟ ਵਸੀਲਿਆਂ ਵਾਲਾ ਭਰਾ ਪ੍ਰਸੰਨ ਹੁੰਦਾ ਹੈ ਤੇ ਵਧੇਰੇ ਵਸੀਲਿਆਂ ਵਾਲਾ ਦੁਖੀ ਹੁੰਦਾ ਹੈ। ਕਿਸੇ ਦਾ ਪਹਿਲਾ ਹੀ ਵਿਆਹ ਸਫ਼ਲ ਹੁੰਦਾ ਹੈ। ਕਿਸੇ ਦੇ ਦੋ ਟੁੱਟ ਜਾਂਦੇ ਹਨ। ਦੂਜਿਆਂ ਦਾ ਨੁਕਸਾਨ ਚਾਹੁਣ ਵਾਲਾ ਮੁਸ਼ਕਿਲ ਵਿੱਚ ਘਿਰਿਆ ਹੁੰਦਾ ਹੈ। ਉਹ ਸਹੀ ਢੰਗ ਨਾਲ ਸੋਚ ਨਹੀਂ ਸਕਦਾ। ਉਸ ਦੀ ਸਮਝਣ, ਸੋਚਣ ਅਤੇ ਕਰਨ ਦੀ ਸ਼ਕਤੀ ਖੀਣ ਹੋ ਜਾਂਦੀ ਹੈ। ਉਹ ਆਪਣੀ ਅੰਦਰਲੀ ਸ਼ਕਤੀ ਨੂੰ ਜਾਗਣ ਹੀ ਨਹੀਂ ਦਿੰਦਾ। ਉਹ ਆਪਣੇ ਮਨ ਦੀ ਆਵਾਜ਼ ਸੁਣਦਾ ਹੀ ਨਹੀਂ ਜਦੋਂਕਿ ਮਨ ਵਿੱਚ ਬੁੱਧੀ ਅਤੇ ਸਿਆਣਪ ਹਾਜ਼ਰ ਹੁੰਦੀ ਹੈ। ਸਾਡੇ ਪੂਰਵਜਾਂ ਦੀਆਂ ਸਾਰੀਆਂ ਯਾਦਾਂ, ਸਿਆਣਪਾਂ ਅਤੇ ਅਨੁਭਵ ਸਾਡੇ ਅਵਚੇਤਨ ਵਿੱਚ ਹਾਜ਼ਰ ਹੁੰਦੇ ਹਨ। ਅਵਚੇਤਨ ਦਿੱਸਦਾ ਨਹੀਂ ਜਿਸ ਕਾਰਨ ਅਸੀਂ ਇਸ ਦਾ ਮਹੱਤਵ ਹੀ ਨਹੀਂ ਸਮਝਦੇ। ਇਸ ਲਈ ਇਸ ਨੂੰ ਸਮਝਣਾ-ਸਮਝਾਉਣਾ ਸੌਖਾ ਨਹੀਂ ਹੁੰਦਾ। ਆਪਣਾ ਅਵਚੇਤਨ ਨਾ ਵਰਤਣ ਦੀ ਸਾਡੀ ਆਦਤ ਇੰਨੀ ਪੱਕੀ ਹੋ ਜਾਂਦੀ ਹੈ ਕਿ ਬਹੁਤੇ ਇਸ ਦੀ ਹੋਂਦ ਤੋਂ ਹੀ ਮੁਨਕਰ ਹੋ ਜਾਂਦੇ ਹਨ। ਅਵਚੇਤਨ ਦੀ ਜਿਹੜੀ ਸ਼ਕਤੀ ਜਗਾਉਗੇ, ਉਹ ਜਾਗੇਗੀ। ਨਾਚ ਨ੍ਰਿਤਕੀ ਦੇ ਅੰਦਰ ਹੁੰਦਾ ਹੈ ਜਿਸ ਨੂੰ ਅਵਚੇਤਨ ਉਸ ਦੇ ਅੰਗਾਂ ਰਾਹੀਂ ਪ੍ਰਗਟ ਕਰਦਾ ਹੈ। ਮੂਰਤੀਕਾਰ ਆਪਣੇ ਅਵਚੇਤਨ ਨਾਲ ਪੱਥਰ ਵਿੱਚੋਂ ਮੂਰਤੀ ਵੇਖ ਲੈਂਦਾ ਹੈ, ਉਹ ਵਾਧੂ ਪੱਥਰ ਲਾਹ ਦਿੰਦਾ ਹੈ ਅਤੇ ਮੂਰਤੀ ਸਾਕਾਰ ਹੋ ਜਾਂਦੀ ਹੈ।

ਅਵਚੇਤਨ ਨੂੰ ਕਿਵੇਂ ਜਗਾਇਆ ਜਾ ਸਕਦਾ ਹੈ? ਅਵਚੇਤਨ ਦੀ ਸ਼ਕਤੀ ਕਿਵੇਂ ਉਪਜਦੀ ਹੈ? ਅਵਚੇਤਨ ਨੂੰ ਹਰ ਕੋਈ ਵਰਤ ਸਕਦਾ ਹੈ। ਦਿਨ ਦਾ ਕੁਝ ਭਾਗ ਇਕੱਲਿਆਂ ਗੁਜ਼ਾਰੋ। ਇਕੱਲਿਆਂ ਸੈਰ ਕਰੋ। ਦਰੱਖਤ ਥੱਲੇ ਇਕੱਲਿਆਂ ਬੈਠੋ। ਆਪਣਾ ਵੱਖਰਾ ਨਿਤਨੇਮ ਬਣਾਓ ਜਿਹੜਾ ਤੁਹਾਡਾ ਨਿਤਨੇਮ ਹੋਵੇ ਤੇ ਕਿਸੇ ਦਾ ਦਖ਼ਲ ਨਾ ਹੋਵੇ। ਆਪਣਾ ਕੰਮ ਮੁਕਤ ਮਨ ਨਾਲ ਕੀਤਾ ਜਾ ਸਕਦਾ ਹੈ। ਚਿੰਤਕਾਂ, ਕਵੀਆਂ, ਕਲਾਕਾਰਾਂ ਨੂੰ ਇਸੇ ਕਰਕੇ ਇਕਾਂਤ ਜੀਵਨ ਜਿਊਣ ਦੀ ਆਦਤ ਹੁੰਦੀ ਹੈ। ਅਸੀਂ ਬਹੁਤਾ ਜੀਵਨ ਭੀੜ ਅਤੇ ਸ਼ੋਰ-ਸ਼ਰਾਬੇ ਵਿੱਚ ਗੁਜ਼ਾਰਨ ਕਰਕੇ ਆਪਣੇ ਅਵਚੇਤਨ ਨੂੰ ਕੁਚਲਦੇ ਰਹਿੰਦੇ ਹਾਂ। ਜੇ ਕੰਮ ਔਖਾ ਹੋਵੇ, ਸ਼ਾਂਤ ਮਨ ਨਾਲ ਕਰੋ, ਸੌਖਾ ਹੋ ਜਾਵੇਗਾ। ਆਪਣੀਆਂ ਸਮੱਸਿਆਵਾਂ ਅਵਚੇਤਨ ਨੂੰ ਸੰਭਾਲ ਦਿਓ। ਕਵੀ ਨੂੰ ਕਵਿਤਾ ਦਾ ਸਿਰਲੇਖ ਨਹੀਂ ਸੁੱਝ ਰਿਹਾ, ਅਵਚੇਤਨ ਸੁਝਾ ਦੇਵੇਗਾ। ਬਹੁਤੀਆਂ ਕਾਢਾਂ ਅਵਚੇਤਨ ਦੀਆਂ ਸੁਝਾਈਆਂ ਹੁੰਦੀਆਂ ਹਨ। ਅਵਚੇਤਨ ਦੀ ਸ਼ਕਤੀ ਜਾਗਣ ਨਾਲ ਸਵੈ-ਵਿਸ਼ਵਾਸ ਵਧ ਜਾਵੇਗਾ, ਸਿਹਤ ਠੀਕ ਹੋ ਜਾਵੇਗੀ, ਟੁੱਟਿਆ ਦਿਲ ਕਵੀ ਹੋ ਨਿਬੜੇਗਾ। ਇੱਕ ਲੜਕੇ ਨੂੰ ਸਕੂਲ ਨਾਲ ਨਫ਼ਰਤ ਸੀ, ਲੱਤ ਟੁੱਟ ਗਈ, ਸਕੂਲ ਜਾਣ ਤੋਂ ਬਚਣ ਵਾਸਤੇ ਤੋੜ ਲਈ। ਉਸ ਨੂੰ ਘਰ ਰਹਿਣਾ ਪਿਆ। ਉਹ ਆਪਣੇ ਕਮਰੇ ਦੀ ਬਾਰੀ ਵਿੱਚੋਂ ਆਪਣੀ ਜਮਾਤ ਦੇ ਵਿਦਿਆਰਥੀਆਂ ਨੂੰ ਖ਼ੁਸ਼ੀ-ਖ਼ੁਸ਼ੀ ਲੰਘਦਿਆਂ ਵੇਖਦਾ ਸੀ। ਜਿਹੜਾ ਸਕੂਲ, ਜਿਹੜੀ ਪੜ੍ਹਾਈ ਚੰਗੀ ਨਹੀਂ ਸੀ ਲੱਗਦੀ, ਚੰਗੀ ਲੱਗਣ ਲੱਗ ਪਈ, ਸਕੂਲ ਜਾਣ ਦੀ ਤਾਂਘ ਜਾਗੀ, ਸਕੂਲ ਪ੍ਰਤੀ ਵਿਰੋਧ ਮੁੱਕ ਗਿਆ, ਉਹ ਜਲਦੀ ਠੀਕ ਹੋ ਗਿਆ। ਉਹ ਚੇਤਨ ਨਾਲ ਜ਼ਿੱਦ ਕਰਕੇ ਪੜ੍ਹਾਈ ਦਾ ਵਿਰੋਧ ਕਰਦਾ ਸੀ। ਅਵਚੇਤਨ ਨੇ ਜ਼ਿੱਦ ਤੋੜ ਦਿੱਤੀ, ਰੁਕਿਆ ਹੋਇਆ ਦਰਿਆ ਵਗਣ ਲੱਗ ਪਿਆ। ਅਵਚੇਤਨ ਵਿੱਚ ਹਰੇਕ ਸਮੱਸਿਆ ਦਾ ਹੱਲ ਹਾਜ਼ਰ ਹੁੰਦਾ ਹੈ।

ਘਟਨਾ ਇੱਕ ਹੀ ਹੁੰਦੀ ਹੈ, ਪਰ ਹਰ ਕਿਸੇ ਦਾ ਪ੍ਰਤੀਕਰਮ ਵੱਖਰਾ ਹੁੰਦਾ ਹੈ। ਵਖਰੇਵੇਂ ਦੇ ਕਾਰਨ ਸਾਡੇ ਅਵਚੇਤਨ ਵਿੱਚ ਪਏ ਹਨ। ਇਸਤਰੀ ਹੋਰ ਤਰ੍ਹਾਂ ਸੋਚਦੀ ਹੈ, ਪੁਰਸ਼ ਹੋਰ ਤਰ੍ਹਾਂ। ਗ਼ਰੀਬ ਅਤੇ ਅਮੀਰ ਦੀ ਵੱਖਰੀ ਸੋਚ ਦਾ ਕਾਰਨ ਉਨ੍ਹਾਂ ਦੀ ਆਰਥਿਕ ਨਾਬਰਾਬਰੀ ਹੁੰਦੀ ਹੈ। ਜੋ ਕੁਝ ਅਵਚੇਤਨ ਵਿੱਚ ਬੀਜਿਆ ਗਿਆ ਹੁੰਦਾ ਹੈ, ਉਹ ਚੇਤਨ ਵਿੱਚ ਪ੍ਰਗਟ ਹੁੰਦਾ ਹੈ। ਸਾਡੇ ਸਰੀਰ ਅਤੇ ਜੀਵਨ ਦੀ ਹਰੇਕ ਹਾਲਤ ਕਿਸੇ ਕਾਰਜ ਜਾਂ ਵਿਚਾਰ ਦਾ ਪ੍ਰਤੀਕਰਮ ਹੁੰਦੀ ਹੈ। ਸਾਹ ਲੈਣ, ਭੋਜਨ ਹਜ਼ਮ ਕਰਨ, ਖ਼ੂਨ ਦਾ ਦੌਰਾ ਸਹੀ ਬਣਾਈ ਰੱਖਣ ਆਦਿ ਕਾਰਜ ਸਾਡਾ ਅਵਚੇਤਨ ਕਰਦਾ ਹੈ। ਇਨ੍ਹਾਂ ਕਾਰਜਾਂ ਵਿੱਚ ਸਾਡੇ ਦਿਮਾਗ਼ ਦਾ ਕੋਈ ਦਖਲ ਨਹੀਂ ਹੁੰਦਾ। ਅਵਚੇਤਨ ਸਾਡੀ ਸੋਚ-ਪ੍ਰਕਿਰਿਆ ਨੂੰ ਚੰਗੀ-ਮਾੜੀ ਨਹੀਂ ਦੱਸਦਾ। ਇਹ ਸਾਡੀ ਸੋਚ ਦੇ ਸੁਭਾਅ ਅਨੁਸਾਰ ਹੱਲ ਦਸਦਾ ਹੈ। ਤੁਸੀਂ ਕੋਈ ਕੰਮ ਨਹੀਂ ਕਰਨਾ ਚਾਹੁੰਦੇ, ਅਵਚੇਤਨ ਨਾ ਕਰਨ ਦੇ ਤਰਕ ਉਸਾਰ ਦੇਵੇਗਾ। ਜੇ ਤੁਸੀਂ ਕਿਧਰੇ ਜਾਣਾ ਚਾਹੁੰਦੇ ਹੋ ਤਾਂ ਅਵਚੇਤਨ ਜਾਣ ਦੀਆਂ ਦਲੀਲਾਂ ਉਪਜਾ ਦੇਵੇਗਾ। ਸੋਚਣ ਦਾ ਕਾਰਜ ਮਨ ਕਰਦਾ ਹੈ ਜਦੋਂਕਿ ਸਮੱਸਿਆਵਾਂ ਸੁਲਝਾਉਣ ਦਾ ਕਾਰਜ ਅਵਚੇਤਨ ਕਰਦਾ ਹੈ। ਜਦੋਂ ਤੁਸੀਂ ਕੋਈ ਉੱਚਾ ਪਹਾੜ, ਇਮਾਰਤ, ਦਰਬਾਰ ਸਾਹਿਬ, ਤਾਜ ਮਹੱਲ ਜਾਂ ਨਿਆਗਰਾ ਫਾਲਜ਼ ਵੇਖੋਗੇ, ਅਵਚੇਤਨ ਇਨ੍ਹਾਂ ਦੇ ਪ੍ਰਭਾਵ ਹਮੇਸ਼ਾਂ ਲਈ ਸਾਂਭ ਲਏਗਾ ਅਤੇ ਲੋੜ ਵੇਲੇ ਪ੍ਰਗਟਾਏਗਾ। ਅਵਚੇਤਨ ਸਿਆਣਪ ਅਤੇ ਅਨੁਭਵਾਂ ਦਾ ਭੰਡਾਰ ਹੈ। ਇਸੇ ਲਈ ਇਸ ਨੂੰ ਆਤਮਾ ਵੀ ਕਹਿੰਦੇ ਹਨ। ਇਹ ਬਹਿਸ ਨਹੀਂ ਕਰਦਾ, ਮੁਸ਼ਕਿਲਾਂ ਨਹੀਂ ਸਿਰਜਦਾ। ਇਹ ਜੀਵਨ-ਸ਼ਕਤੀ ਹੈ ਜਿਹੜੀ ਸਾਡੇ ਸਰੀਰ ਦੀਆਂ ਕਿਰਿਆਵਾਂ ਨੂੰ ਨਿਰਵਿਘਨ ਚਲਾਉਂਦੀ ਹੈ ਅਤੇ ਰੁਕਾਵਟਾਂ ਦੂਰ ਕਰਦੀ ਹੈ। ਸਮਝਿਆ ਜਾਂਦਾ ਹੈ ਕਿ ਨੀਂਦਰ ਨਾਲ ਥਕਾਵਟ ਦੂਰ ਹੁੰਦੀ ਹੈ, ਪਰ ਜਦੋਂ ਅਸੀਂ ਸੁੱਤੇ ਹੁੰਦੇ ਹਾਂ ਤਾਂ ਦਿਲ ਧੜਕਦਾ ਰਹਿੰਦਾ ਹੈ, ਫੇਫੜੇ ਨਿਰੰਤਰ ਕਾਰਜ ਕਰਦੇ ਰਹਿੰਦੇ ਹਨ, ਮਿਹਦਾ ਭੋਜਨ ਹਜ਼ਮ ਕਰਦਾ ਰਹਿੰਦਾ ਹੈ, ਦਿਮਾਗ਼ ਕਾਰਜਸ਼ੀਲ ਰਹਿੰਦਾ ਹੈ, ਨਹੁੰ ਅਤੇ ਵਾਲ ਵਧਦੇ ਰਹਿੰਦੇ ਹਨ ਅਤੇ ਅੱਖਾਂ, ਨੱਕ, ਕੰਨ ਆਦਿ ਕਾਰਜ ਕਰਦੇ ਰਹਿੰਦੇ ਹਨ। ਸੌਣ ਦੌਰਾਨ ਕਈ ਸੁੱਤੀਆਂ ਹੋਈਆਂ ਗ੍ਰੰਥੀਆਂ ਜਾਗ ਕੇ ਰਿਸਣ ਲੱਗ ਪੈਂਦੀਆਂ ਹਨ। ਇਹ ਰਾਤ ਦੇ ਹਨੇਰੇ ਵਿੱਚ ਲੇਟਿਆਂ ਹੀ ਰਿਸਦੀਆਂ ਹਨ ਜਿਸ ਕਾਰਨ ਅਸੀਂ ਆਰਾਮ ਮਹਿਸੂਸ ਕਰਦੇ ਹਾਂ। ਨੀਂਦਰ ਦੌਰਾਨ ਅਵਚੇਤਨ, ਚੇਤਨ ਮਨ ਦੇ ਅੱਗੇ ਹੋ ਜਾਂਦਾ ਹੈ ਜਦੋਂਕਿ ਜਾਗਦਿਆਂ ਇਹ ਚੇਤਨ ਮਨ ਦੇ ਪਿੱਛੇ ਰਹਿੰਦਾ ਹੈ। ਸੁਪਨਿਆਂ ਵਿੱਚ ਅਵਚੇਤਨ ਪੂਰੀ ਤਰ੍ਹਾਂ ਕਾਰਜਸ਼ੀਲ ਰਹਿੰਦਾ ਹੈ। ਸੁਪਨੇ ਸਾਡੀ ਥਕਾਵਟ ਲਾਹੁੰਦੇ ਹਨ। ਇਹ ਡਰ ਦੂਰ ਕਰਦੇ ਹਨ। ਆਸ ਬਣਾਈ ਰੱਖਦੇ ਹਨ। ਸੁਪਨਿਆਂ ਨਾਲ ਜੀਵਨ ਦਾ ਸੰਤੁਲਨ ਬਣਿਆ ਰਹਿੰਦਾ ਹੈ। ਸਾਡਾ ਅਵਚੇਤਨ ਦੱਸ ਦਿੰਦਾ ਹੈ ਕਿ ਕੋਈ ਸਮੱਸਿਆ ਕਿਵੇਂ ਹੱਲ ਹੋਵੇਗੀ। ਇਹ ਵਿਛੜਿਆਂ ਨੂੰ ਮਿਲਾ ਦਿੰਦਾ ਹੈ।

ਇੱਕ ਵਿਅਕਤੀ ਨੂੰ ਅਧਰੰਗ ਹੋਇਆ ਸੀ। ਉਸ ਨੂੰ ਸੁਪਨੇ ਵਿੱਚ ਦਿਸਿਆ ਕਿ ਉਹ ਟੈਲੀਫੋਨ ਸੁਣ ਰਿਹਾ ਹੈ, ਚਿੱਠੀ ਲਿਖ ਰਿਹਾ ਹੈ, ਭੋਜਨ ਖਾ ਰਿਹਾ ਹੈ। ਉਸ ਨੇ ਫ਼ੈਸਲਾ ਕੀਤਾ ਕਿ ਟੈਲੀਫੋਨ ਆਪ ਉੱਠ ਕੇ ਸੁਣਨਾ ਹੈ, ਆਪਣੇ ਕੱਪੜੇ ਆਪ ਪਾਉਣੇ ਹਨ, ਉਸ ਨੇ ਆਪਣੇ-ਆਪ ਨੂੰ ਤੰਦਰੁਸਤ ਸਮਝਣਾ ਆਰੰਭ ਕੀਤਾ ਅਤੇ ਇੱਕ ਸਾਲ ਵਿੱਚ ਪੂਰੀ ਤਰ੍ਹਾਂ ਤੰਦਰੁਸਤ ਹੋ ਗਿਆ। ਮਾਨਸਿਕ ਰੁਕਾਵਟ ਕੁਝ ਕਰਨ ਨਹੀਂ ਦਿੰਦੀ। ਰੁਕਾਵਟ ਦੂਰ ਹੋ ਗਈ ਅਤੇ ਸਭ ਕੁਝ ਕਰਨਾ ਸੰਭਵ ਹੋ ਗਿਆ। ਇੱਕ ਸਕੂਲ ਵਿੱਚ ਲਾਤੀਨੀ ਭਾਸ਼ਾ ਪੜ੍ਹਨੀ ਲਾਜ਼ਮੀ ਸੀ। ਪੁੱਤਰ ਨੇ ਪਿਤਾ ਨੂੰ ਕਿਹਾ, "ਔਖੀ ਹੈ, ਨਹੀਂ ਪੜ੍ਹਨੀ।" ਪਿਤਾ ਨੇ ਕਿਹਾ, "ਫਿਰ ਤੂੰ ਮੇਰੇ ਨਾਲ ਖੇਤ ਚੱਲਿਆ ਕਰ।" ਉਹ ਖੇਤ ਜਾਣ ਲੱਗਿਆ। ਚਿੱਕੜ ਨਾਲ ਲੱਥ-ਪੱਥ ਹੋ ਕੇ ਮੁੜਦਾ ਸੀ। ਫਿਰ ਅਚਾਨਕ ਖ਼ਿਆਲ ਆਇਆ ਕਿ ਲਾਤੀਨੀ ਔਖੀ ਕਿਵੇਂ ਹੈ। ਸੋ ਸੌਖੀ ਹੋ ਗਈ। ਸੌਖੀ ਤਾਂ ਪਹਿਲਾਂ ਹੀ ਸੀ। ਉਸ ਨੇ ਔਖੀ ਬਣਾਈ ਹੋਈ ਸੀ। ਵਿਦਿਆਰਥੀਆਂ ਨੂੰ ਜਿਹੜੇ ਵਿਸ਼ੇ ਔਖੇ ਲੱਗਦੇ ਹਨ, ਉਹ ਉਨ੍ਹਾਂ ਵਿਸ਼ਿਆਂ ਨੂੰ ਵੇਖਦੇ ਹੀ ਓਵੇਂ ਹਨ ਕਿ ਔਖੇ ਲੱਗਣ। ਅਚਾਨਕ ਅਵਚੇਤਨ ਉਸ ਵਿਸ਼ੇ ਦੀ ਘੁੰਡੀ ਖੋਲ੍ਹ ਦਿੰਦਾ ਹੈ ਜਿਸ ਕਾਰਨ ਉਹ ਵਿਸ਼ਾ ਔਖਾ ਲੱਗਦਾ ਸੀ। ਅੰਧ-ਵਿਸ਼ਵਾਸਾਂ, ਝਾੜਿਆਂ ਅਤੇ ਤਵੀਤਾਂ ਵਿੱਚ ਵੀ ਸ਼ਕਤੀ ਹੁੰਦੀ ਹੈ। ਦਰਅਸਲ, ਮਰੀਜ਼ ਜਾਂ ਸ਼ਰਧਾਲੂ ਨੂੰ ਅਵਚੇਤਨ ਆਦੇਸ਼ ਦਿੰਦਾ ਹੈ ਕਿ ਹੁਣ ਠੀਕ ਹੋਣਾ ਹੈ। ਕਿਸੇ ਸਰੋਵਰ ਵਿੱਚ ਨਹਾਉਣ ਜਾਂ ਕਿਸੇ ਸਥਾਨ 'ਤੇ ਅਰਦਾਸ ਕਰਨ ਨਾਲ ਕੋਈ ਠੀਕ ਨਹੀਂ ਹੁੰਦਾ। ਇਸ ਵਿਸ਼ਵਾਸ ਨਾਲ ਠੀਕ ਹੁੰਦਾ ਹੈ ਕਿ ਹੁਣ ਬਿਮਾਰ ਨਹੀਂ ਰਹਿਣਾ। ਧੀ ਦਾ ਵਿਆਹ ਹੈ, ਹੁਣ ਠੀਕ ਹੋਣਾ ਹੈ। ਮਨੁੱਖ ਦੀ ਸਾਰੀ ਨਿਰਾਸਤਾ, ਅਸ਼ੰਤੁਸ਼ਟੀ ਆਦਿ ਚੇਤਨ ਪੱਧਰ ਦੀਆਂ ਅਪੂਰਨ ਇੱਛਾਵਾਂ ਕਾਰਨ ਹੁੰਦੀ ਹੈ। ਅਸੀਂ ਸਾੜੇ, ਈਰਖਾ, ਗੁੱਸੇ ਅਤੇ ਨਿੰਦਾ ਨਾਲ ਆਪਣੇ ਆਪ ਨੂੰ ਜ਼ਖ਼ਮੀ ਕਰਦੇ ਰਹਿੰਦੇ ਹਾਂ। ਬਦਲੇ ਦੀ ਭਾਵਨਾ ਕਾਰਨ ਅਸੀਂ ਆਪਣੇ ਜ਼ਖ਼ਮਾਂ ਨੂੰ ਠੀਕ ਨਹੀਂ ਹੋਣ ਦਿੰਦੇ। ਚਮੜੀ ਅਤੇ ਮਿਹਦੇ ਦੀਆਂ ਬਹੁਤੀਆਂ ਬਿਮਾਰੀਆਂ ਸਾਡੇ ਮਨ ਵਿਚਲੇ ਵਿਰੋਧੀ ਵਿਚਾਰਾਂ ਕਾਰਨ ਉਪਜਦੀਆਂ ਹਨ। ਜੇ ਨਾੜਾਂ ਵਿੱਚ ਲਹੂ ਦੀ ਥਾਂ ਤੇਜ਼ਾਬ ਹੈ ਤਾਂ ਇਹ ਸਾਡੇ ਅੰਦਰਲੇ ਨੂੰ ਸਾੜੇਗਾ। ਤਲਾਕ ਪਹਿਲਾਂ ਮਨ ਵਿੱਚ ਵਾਪਰਦਾ ਹੈ, ਮੁਕੱਦਮਾ ਮਗਰੋਂ ਚਲਾਇਆ ਜਾਂਦਾ ਹੈ। ਤਲਾਕ ਉਨ੍ਹਾਂ ਵਿਆਹਾਂ ਵਿੱਚ ਹੀ ਹੁੰਦੇ ਹਨ, ਜਿੱਥੇ ਵਿਆਹ ਹੀ ਗ਼ਲਤ ਹੋਏ ਹੁੰਦੇ ਹਨ। ਤਲਾਕ ਨੂੰ ਰੋਕਣ ਦਾ ਸਹੀ ਸਮਾਂ ਵਿਆਹ ਤੋਂ ਪਹਿਲਾਂ ਹੁੰਦਾ ਹੈ। ਪ੍ਰੇਸ਼ਾਨੀਆਂ ਤੋੜ-ਵਿਛੋੜੇ ਆਦਿ ਮਨ ਅਤੇ ਅਵਚੇਤਨ ਦੀ ਕਾਰਜਸ਼ੈਲੀ ਨਾ ਸਮਝਣ ਕਾਰਨ ਉਪਜਦੇ ਹਨ। ਬਹੁਤੇ ਵਿਆਹ ਖੋਹਣ-ਲੁੱਟਣ ਦੀ ਭਾਵਨਾ 'ਤੇ ਆਧਾਰਿਤ ਹੋਣ ਕਾਰਨ ਕੁਰਬਾਨੀ ਅਤੇ ਤਿਆਗ ਜਿਹੇ ਰੂਹਾਨੀ ਲੱਛਣਾਂ ਤੋਂ ਵਿਰਵੇ ਹੁੰਦੇ ਹਨ। ਦਿਲ ਪਿਆਰ ਕਰਨਾ ਹੀ ਜਾਣਦਾ ਹੈ, ਨਫ਼ਰਤ ਦਿਮਾਗ਼ ਨਾਲ ਕੀਤੀ ਜਾਂਦੀ ਹੈ। ਭਰਮਾਂ ਅਤੇ ਭੁਲੇਖਿਆਂ ਦਾ ਸਰੋਤ ਸਾਡੀ ਹਉਮੈ ਹੁੰਦੀ ਹੈ। ਮਨੁੱਖ ਨੂੰ ਕਾਬੂ ਕਰਨ ਲਈ ਧਰਮ, ਸਮਾਜ, ਅਧਿਆਪਕ, ਪੁਲੀਸ, ਅਦਾਲਤਾਂ, ਕਾਨੂੰਨ, ਹਸਪਤਾਲ ਆਦਿ ਮਨੁੱਖ ਨੂੰ ਡਰਾ ਕੇ ਨਿਤਾਣਾ ਕਰਦੇ ਹਨ। ਇਹ ਨਿਤਾਣਾਪਣ ਹੀ ਸਾਨੂੰ ਅਸਾਵੇਂ ਸਮਝੌਤੇ, ਆਪਣੀ ਮਰਜ਼ੀ ਵਿਰੁੱਧ ਕਾਰਜ ਅਤੇ ਗੈਰਵਾਜਬ ਵਿਹਾਰ ਕਰਨ ਲਈ ਮਜਬੂਰ ਕਰਦਾ ਹੈ। ਸਾਨੂੰ ਲੋੜ ਉਨ੍ਹਾਂ ਅਦਾਰਿਆਂ ਦੀ ਹੈ ਜਿਹੜੇ ਸਾਡੇ ਵਿੱਚ ਸਵੈ-ਵਿਸ਼ਵਾਸ ਅਤੇ ਸਰਬੱਤ ਦੇ ਭਲੇ ਦੀ ਭਾਵਨਾ ਜਗਾਉਣ।

ਪਾਦਰੀਆਂ, ਪੰਡਿਤਾਂ, ਭਾਈਆਂ ਕੋਲ ਰੋਗੀਆਂ ਨੂੰ ਅਰੋਗ ਕਰਨ ਦੀ ਸ਼ਕਤੀ ਦੱਸੀ ਜਾਂਦੀ ਹੈ। ਅਸਲ ਵਿੱਚ ਪਾਦਰੀ ਜਾਂ ਭਾਈ, ਅਰੋਗ ਹੋਣ ਦਾ ਵਿਸ਼ਵਾਸ ਜਗਾਉਂਦੇ ਹਨ। ਇੱਕ ਇਸਤਰੀ ਦੀ ਆਵਾਜ਼ ਗੁਆਚ ਗਈ। ਗੁਰਦੁਆਰੇ ਦੇ ਭਾਈ ਨੇ ਕਿਹਾ ਕਿ ਕੀਰਤਨ ਸੁਣਿਆ ਕਰੋ। ਉਹ ਕੀਰਤਨ ਸੁਣਨ ਦੌਰਾਨ ਗਾਉਣ ਲੱਗ ਪਈ। ਫਿਰ ਕੀਰਤਨ ਕਰਨ ਲੱਗ ਪਈ। ਇੱਕ ਵਿਅਕਤੀ ਨੂੰ ਭੁੱਖ ਨਾ ਲੱਗਣ ਕਾਰਨ ਉਹ ਕਮਜ਼ੋਰ ਹੋ ਗਿਆ। ਪੰਡਿਤ ਨੇ ਕਿਹਾ ਕਿ ਓਮ ਦਾ ਜਾਪ ਕਰਿਆ ਕਰੋ। ਉਹ ਘੰਟਿਆਂਬੱਧੀ ਓਮ ਜਪਣ ਲੱਗ ਪਿਆ। ਥਕਾਵਟ ਨਾਲ ਭੁੱਖ ਲੱਗਣ ਪਈ ਅਤੇ ਨੀਂਦਰ ਵੀ ਆਉਣ ਲੱਗ ਪਈ। ਨੀਂਦਰ ਸਲਾਹਕਾਰ ਦਾ ਕਾਰਜ ਕਰਦੀ ਹੈ। ਨੀਂਦਰ ਦੌਰਾਨ ਬਾਹਰਲੇ ਦਖਲ ਰੁਕ ਜਾਂਦੇ ਹਨ ਅਤੇ ਅਵਚੇਤਨ ਦਾ ਪੱਧਰ ਉੱਚਾ ਹੋ ਜਾਂਦਾ ਹੈ। ਨੀਂਦਰ ਦੌਰਾਨ ਸਾਡਾ ਅਵਚੇਤਨ, ਚੇਤਨ ਮਨ ਵਿਚਲੀਆਂ ਸਮੱਸਿਆਵਾਂ ਦੇ ਹੱਲ ਲੱਭਦਾ ਹੈ। ਰੇਡੀਓ 'ਤੇ ਕਾਰਜ ਕਰਦੇ ਇੱਕ ਵਿਅਕਤੀ ਨੂੰ ਤਿੰਨ ਹਜ਼ਾਰ ਮੀਲ ਦੂਰ ਦੁੱਗਣੀ ਤਨਖ਼ਾਹ ਦੀ ਪੇਸ਼ਕਸ਼ ਮਿਲੀ। ਉਹ ਜਾਣ, ਨਾ ਜਾਣ ਦੀ ਦੁਚਿੱਤੀ ਵਿੱਚ ਸੀ। ਸੋਚਦਾ ਸੌਂ ਗਿਆ। ਸਵੇਰੇ ਮਨ ਨੇ ਨਾ ਜਾਣ ਦਾ ਫ਼ੈਸਲਾ ਸੁਣਾ ਦਿੱਤਾ। ਉਸ ਨੇ ਪੇਸ਼ਕਸ਼ ਨੂੰ ਅਸਵੀਕਾਰ ਕਰ ਦਿੱਤਾ। ਦੋ ਮਹੀਨੇ ਮਗਰੋਂ ਉਹ ਰੇਡੀਓ ਸਟੇਸ਼ਨ ਹੀ ਬੰਦ ਹੋ ਗਿਆ। ਇੱਕ ਇਸਤਰੀ ਦੋ ਸਾਲ ਤੋਂ ਬੱਚਿਆਂ ਨਾਲ ਆਪਣੇ ਮਾਪਿਆਂ ਦੇ ਘਰ ਰਹਿ ਰਹੀ ਸੀ। ਇੱਕ ਸਵੇਰ ਨੂੰ ਪਤੀ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਹੋਇਆ ਕਿ ਪਤਨੀ ਨਾਲ ਸਾਰੀਆਂ ਵਧੀਕੀਆਂ ਉਸ ਨੇ ਹੀ ਕੀਤੀਆਂ ਹਨ। ਮਨ ਪਿਘਲ ਅਵਚੇਤਨ ਨੇ ਸੋਚ ਬਦਲ ਦਿੱਤੀ। ਉਸ ਨੇ ਸਹੁਰਿਆਂ ਤੋਂ ਮੁਆਫ਼ੀ ਮੰਗੀ। ਪਤਨੀ ਅਤੇ ਬੱਚਿਆਂ ਨੂੰ ਵਾਪਸ ਲੈ ਆਇਆ। ਉਖੜਿਆ ਹੋਇਆ ਮਨ ਅਤੇ ਜੀਵਨ ਮੁੜ ਲੀਹ 'ਤੇ ਪੈ ਗਿਆ। ਬਾਹਰਲੇ ਸੰਸਾਰ ਨੂੰ ਬਦਲਣ ਲਈ ਅੰਦਰਲੇ ਮਨ ਨੂੰ ਸੁਣਨਾ ਪਵੇਗਾ।

---

# ਫ਼ਿਕਰ ਤੋਂ ਫ਼ਖਰ ਤਕ ਦੀ ਯਾਤਰਾ

**"ਫ਼ਿਕਰ ਦੀਏ ਪੰਡੇ ! ਐਵੇਂ ਨਾ ਸਿਰੇ ਦੀਆਂ ਸੋਚ ਲਿਆ ਕਰ। ਰਾਹ 'ਚ ਕਿਸੇ ਦੋਸਤ ਦੇ ਰੁਕ ਗਿਆ ਹੋਊ," ਬਲਦੇਵ ਨੇ ਆਪਣੇ ਚਿੰਤਾਵਾਨ ਚਿਹਰੇ 'ਤੇ ਨਕਾਬ ਪਾਉਂਦਿਆਂ ਦਿਲਾਸਾ ਦਿੱਤਾ। "ਪਰ ਹੁਣ ਤਾਂ ਗਏ ਨੂੰ ਅੱਠ ਘੰਟੇ ਹੋ ਗਏ, ਹੁਣ ਤਕ ਤਾਂ ਪਹੁੰਚਣਾ ਚਾਹੀਦਾ ਸੀ।" "ਵਾਹਿਗੁਰੂ 'ਤੇ ਭਰੋਸਾ ਰੱਖ, ਕੁਝ ਨਹੀਂ ਹੁੰਦਾ ਤੇਰੇ ਪੁੱਤ ਨੂੰ, "ਪਰ ਬੋਲ ਉਹਦੇ ਵੀ ਭਰੜਾਏ ਹੋਏ ਸਨ।**

ਆਪ ਬੀਤੀ



ਕਾਲਪਨਿਕ ਫੋਟੋ

ਉਨੀਵੇਂ ਵਰ੍ਹੇ ਵਿੱਚ ਪੱਬ ਧਰਦਿਆਂ ਹੀ ਬੇਟੇ ਨੇ ਨਵਾਂ ਕਾਈਨੈਟਿਕ ਹੌਂਡਾ ਲਿਆ ਤਾਂ ਉਸ ਨੂੰ ਮੁਹਾਲੀ ਤੋਂ ਲੁਧਿਆਣੇ ਮਾਸੀ ਦੇ ਘਰ ਜਾਣ ਦਾ ਚਾਅ ਚੜ੍ਹ ਗਿਆ। ਅਤਿਵਾਦ ਦੀਆਂ ਕਹਿਰਵਾਨ ਵਾਰਦਾਤਾਂ ਤੇ ਸੜਕ ਹਾਦਸਿਆਂ ਤੋਂ ਖ਼ੌਫ਼ਜ਼ਦਾ ਅਸੀਂ ਬਥੇਰਾ ਹੋੜਦੇ ਰਹੇ, ਪਰ ਉਸ ਦੇ ਚਾਅ ਦੇ ਹੜ੍ਹ ਨੂੰ ਕੋਈ ਵੱਟ-ਬੰਨਾ ਨਾ ਰੋਕ ਸਕਿਆ। ਆਖ਼ਰ ਉਤਲੇ ਜਿਹੇ ਮਨੋਂ ਆਗਿਆ ਦੇਣੀ ਹੀ ਪਈ। ਪਤਾ ਨਹੀਂ ਰਾਤੀਂ ਸੁੱਤਾ ਵੀ ਜਾਂ ਨਹੀਂ, ਸਾਝਰੇ ਹੀ ਉੱਠ ਖੜੋਤਾ। ਸਵੇਰੇ ਛੇ ਵਜੇ ਤਾਂ ਸੂਟ-ਬੂਟ ਕਸ ਕੇ ਆ ਵੀ ਗਿਆ। "ਕੁਝ ਖਾ-ਪੀ ਤਾਂ ਜਾਹ।"

ਮੇਰੇ ਵਾਰ ਵਾਰ ਕਹਿਣ 'ਤੇ ਦੁੱਧ ਦਾ ਗਿਲਾਸ ਗਟਕਦਾ ਬੋਲਿਆ, "ਪਰੌਂਠੇ ਤਾਂ ਹੁਣ ਮਾਸੀ ਦੇ ਹੀ ਖਾਊਂਗਾ।"

ਵਿਹੜੇ ਵਿੱਚੋਂ ਹੀ ਸਕੂਟਰ 'ਤੇ ਲੱਤ ਦਿੱਤੀ ਤੇ ਪਲਾਂ ਵਿੱਚ ਅੱਖੋਂ ਓਝਲ ਹੋ ਗਿਆ। ਪਰਮਾਤਮਾ ਅੱਗੇ ਉਸ ਦੀ ਖ਼ੈਰ-ਸੁਖ ਦੀ ਜੋਦੜੀ ਕਰਦਿਆਂ ਕਮਰੇ ਵਿੱਚ ਆਈ ਤੇ ਆਪਣੀ ਭੈਣ ਪਰਮਿੰਦਰ ਨੂੰ ਫੋਨ ਮਿਲਾਇਆ, "ਤੇਰਾ ਭਾਣਜਾ ਉੱਡਿਆ ਆਉਂਦੈ ਨਵੇਂ ਸਕੂਟਰ 'ਤੇ, ਉਹਦੇ ਅਪੜਦੇ ਹੀ ਖ਼ਬਰ ਕਰ ਦੇਈਂ।" ਗਿਆਰਾਂ ਕੁ ਵਜੇ ਤਕ ਫੋਨ ਨਾ ਆਇਆ ਤਾਂ ਪ੍ਰੇਸ਼ਾਨੀਆਂ ਨੇ ਦਸਤਕ ਦੇਣੀ ਸ਼ੁਰੂ ਕਰ ਦਿੱਤੀ।

"ਕਿਉਂ ਟੈਨਸ਼ਨ ਕਰੀ ਜਾਂਦੀ ਐਂ? ਲੱਗਿਆ ਹੋਊ ਮਾਸੀ ਨਾਲ ਯੱਕੜ ਮਾਰਨ। ਥੋੜ੍ਹਾ ਸਬਰ ਰੱਖਿਆ ਕਰ," ਮੇਰਾ ਜੀਵਨ-ਸਾਥੀ ਬਲਦੇਵ ਕੁਰਸੀ 'ਤੇ ਚੜ੍ਹ ਕੇ ਬੋਗਨਵਿਲੀਆ ਦੀਆਂ ਡਾਲੀਆਂ ਥਾਂ ਸਿਰ ਕਰਦਾ ਬੋਲਿਆ। ਦੋ ਕੁ ਵਜੇ ਘੰਟੀ ਖੜਕੀ, ਕੁੜੀ ਦੀ ਬੁਝੀ ਬੁਝੀ ਜਿਹੀ ਆਵਾਜ਼ ਆਈ, "ਭੈਣ ਜੀ! ਰਿਸ਼ਮ ਅਜੇ ਤਕ ਨਹੀਂ ਆਇਆ। ਮੈਂ ਤਾਂ ਤਿੰਨ ਵਾਰ ਚੌਕ ਤਕ ਵੀ ਗੇੜਾ ਲਾ ਆਈ।"

"ਜਾਹ ਜਾਂਦੀਏ! ਕਿਤੇ ਉਹੀ ਗੱਲ ਨਾ ਹੋਵੇ," ਮੇਰੀ ਦੇਹ ਜਿਵੇਂ ਮਿੱਟੀ ਹੋ ਕੇ ਕਿਰ ਗਈ, ਕੰਨ ਸਾਂ-ਸਾਂ ਕਰਨ ਲੱਗੇ। "ਫ਼ਿਕਰ ਦੀਏ ਪੰਡੇ! ਐਵੇਂ ਨਾ ਸਿਰੇ ਦੀਆਂ ਸੋਚ ਲਿਆ ਕਰ। ਰਾਹ 'ਚ ਕਿਸੇ ਦੋਸਤ ਦੇ ਰੁਕ ਗਿਆ ਹੋਊ, "ਬਲਦੇਵ ਨੇ ਆਪਣੇ ਚਿੰਤਾਵਾਨ ਚਿਹਰੇ 'ਤੇ ਨਕਾਬ ਪਾਉਂਦਿਆਂ ਦਿਲਾਸਾ ਦਿੱਤਾ।

"ਪਰ ਹੁਣ ਤਾਂ ਗਏ ਨੂੰ ਅੱਠ ਘੰਟੇ ਹੋ ਗਏ, ਹੁਣ ਤਕ ਤਾਂ ਪਹੁੰਚਣਾ ਚਾਹੀਦਾ ਸੀ।"

"ਵਾਹਿਗੁਰੂ 'ਤੇ ਭਰੋਸਾ ਰੱਖ, ਕੁਝ ਨਹੀਂ ਹੁੰਦਾ ਤੇਰੇ ਪੁੱਤ ਨੂੰ," ਪਰ ਬੋਲ ਉਹਦੇ ਵੀ ਭਰੜਾਏ ਹੋਏ ਸਨ।

ਮੋਬਾਈਲ ਫੋਨ ਤਾਂ ਉਦੋਂ ਹੁੰਦੇ ਹੀ ਨਹੀਂ ਸਨ ਜੋ ਸਿੱਧਾ ਰਿਸ਼ਮ ਨੂੰ ਮਿਲਾ ਲੈਂਦੇ। ਅਸੀਂ ਬੈਠੇ ਪਾਠ ਕਰਦੇ ਰਹੇ। ਬਲਦੇਵ ਉਸ ਦੇ ਦੋਸਤਾਂ ਦੇ ਘਰੀਂ ਵੀ ਜਾ ਆਇਆ। ਮੈਂ ਗੁਰਦੁਆਰੇ ਹੋ ਆਈ। ਅਸੀਂ ਤੇ ਮੇਰੇ ਭੈਣ-ਜੀਜੇ ਨੇ ਏਧਰੋਂ ਉਧਰੋਂ ਇਸ ਸੜਕ 'ਤੇ ਹੋਏ ਕਿਸੇ ਐਕਸੀਡੈਂਟ ਬਾਰੇ ਵੀ ਪਤਾ ਕੀਤਾ, ਪਰ ਕੋਈ ਉਘ-ਸੁੱਘ ਨਹੀਂ।

ਮੈਨੂੰ ਮੁੜ ਮੁੜ ਉਹ ਕੁਲੱਛਣੀ ਘੜੀ ਯਾਦ ਆ ਰਹੀ ਸੀ, ਜਦੋਂ ਸੀਆਰਪੀਐੱਫ ਵਾਲੇ ਉਸ ਨੂੰ ਕਾਫ਼ੀ ਦੂਰ ਤਕ ਘੜੀਸਦੇ ਹੋਏ ਸੜਕ ਦੇ ਦੂਜੇ ਪਾਸੇ ਖੜ੍ਹੇ ਆਪਣੇ ਅਫ਼ਸਰ ਕੋਲ ਲੈ ਗਏ ਸਨ। ਵਿਸ਼ੇਸ਼ ਵਰਦੀ-ਹੁਕਮ ਲਾਗੂ ਹੋਣ ਕਰਕੇ ਉਹ ਕੇਸਰੀ ਪਗੜੀ ਬੰਨ੍ਹੀ ਸਾਈਕਲ ਉੱਤੇ ਆਪਣੇ ਸਕੂਲ ਜਾ ਰਿਹਾ ਸੀ ਕਿ ਅਗਲਿਆਂ ਨੂੰ ਕੋਈ ਸ਼ੱਕ ਹੋ ਗਿਆ। ਉਦੋਂ ਉਸ ਦੇ ਬਸਤੇ ਵਿੱਚੋਂ ਨਿਕਲਿਆ ਗਿਆਰਵੀਂ ਸ਼੍ਰੇਣੀ ਦਾ ਸਕੂਲੀ ਪਛਾਣ ਪੱਤਰ ਹੀ ਉਸ ਨੂੰ ਬਚਾ ਸਕਿਆ ਸੀ। ਉਨ੍ਹੀਂ ਦਿਨੀਂ ਚੰਗੇਰੀ ਵਿੱਦਿਆ ਹਾਸਲ ਕਰਨ ਲਈ ਉਹ ਕਿਸੇ ਜਮਾਤੀ ਨਾਲ ਚੰਡੀਗੜ੍ਹ 'ਚ ਕਿਰਾਏ ਦੇ ਕਮਰੇ ਵਿੱਚ ਰਹਿੰਦਾ ਸੀ। ਇਸ ਦਿਲ-ਚੀਰਵੀਂ ਘਟਨਾ ਦੀ ਖ਼ਬਰ ਮਿਲੀ ਤਾਂ ਅਸੀਂ ਤਾਬੜਤੋੜ ਆਪਣੇ ਰਾਜਪੁਰੇ ਵਾਲੇ ਮਕਾਨ ਨੂੰ ਜਿੰਦਰਾ ਲਾ ਕੇ ਮੁਹਾਲੀ ਆ ਟਿਕੇ ਸਾਂ ਤੇ ਮੁੰਡੇ ਨੂੰ ਆਪਣੇ ਖੰਭਾਂ ਹੇਠ ਲੁਕੋ ਲਿਆ ਸੀ। ਫਿਰ ਜਦੋਂ ਤਕ ਮੇਰੀ ਬਦਲੀ ਮੁਹਾਲੀ ਨੇੜਲੀ ਡਿਸਪੈਂਸਰੀ ਵਿੱਚ ਨਹੀਂ ਹੋ ਗਈ, ਮੈਂ ਰੋਜ਼ ਦੋ-ਤਿੰਨ ਬੱਸਾਂ ਬਦਲ ਕੇ ਰਾਜਪੁਰੇ ਸਿਵਲ ਹਸਪਤਾਲ ਪਹੁੰਚਦੀ ਸਾਂ, ਬਲਦੇਵ ਦੀ ਡਿਸਪੈਂਸਰੀ ਵਾਲਾ ਪੰਧ ਵੀ ਲੰਮੇਰਾ ਹੋ ਗਿਆ ਸੀ।

ਫਿਰ ਉਹ ਵਾਕਾ ਦਿਮਾਗ਼ ਵਿੱਚ ਖ਼ਲਲ ਪਾਉਣ ਲੱਗਿਆ ਜਦੋਂ ਮੈਂ ਉਸ ਨੂੰ ਇੱਕ ਰਾਤ ਤੰਦੂਰ 'ਤੇ ਰੋਟੀਆਂ ਲੁਆਉਣ ਭੇਜ ਬੈਠੀ ਸਾਂ ਤੇ ਰਾਹ ਵਿੱਚ ਦੋ ਸਿੰਘਾਂ ਨੇ ਉਸ ਨੂੰ ਪੰਥ ਦੇ ਭਲੇ ਖ਼ਾਤਰ ਆਪਣੇ ਨਾਲ ਰਲਣ ਲਈ ਜ਼ੋਰ ਦਿੱਤਾ ਸੀ, ਉਹ 'ਕੋਈ ਨਾ, ਸਲਾਹ ਕਰਾਂਗਾ' ਦਾ ਬਹਾਨਾ ਲਾ ਕੇ ਤੇ ਉਨ੍ਹਾਂ ਨੂੰ ਝਕਾਨੀ ਦੇ ਕੇ ਪੁੱਠੇ ਰਸਤਿਉਂ ਘਰ ਆ ਗਿਆ ਸੀ। "ਹੇ ਸਰਬਸ਼ਕਤੀਮਾਨ! ਸੁੱਖ ਰੱਖੀਂ! ਤੂੰ ਹੀ ਬਖ਼ਸ਼ਿਐ, ਹੁਣ ਉਸ ਦਾ ਵਾਲ ਵਿੰਗਾ ਨਾ ਹੋਣ ਦੇਵੀਂ," ਮੇਰੇ ਕੋਲ ਇਸ ਅਰਦਾਸ ਤੋਂ ਸਿਵਾਏ ਕਰਨ ਲਈ ਹੋਰ ਕੁਝ ਵੀ ਨਹੀਂ ਸੀ। ਗੁਰਬਾਣੀ ਦੀ ਟੇਪ ਲਾ ਕੇ ਮੈਂ ਆਪਣੇ ਡੁੱਬਦੇ ਦਿਲ ਨੂੰ ਠੁੰਮ੍ਹਣਾ ਦੇ ਰਹੀ ਸਾਂ। ਉਸ ਦੇ ਦੋਸਤ ਤੇ ਕੁਝ ਹੋਰ ਹਮਦਰਦ ਸਾਡੇ ਘਰ ਆ ਕੇ ਬੈਠ ਗਏ। ਹਰ ਕੋਈ ਆਪੋ-ਆਪਣੀ ਸਲਾਹ ਦਿੰਦਾ। ਨੇੜੇ-ਤੇੜੇ ਦੇ ਹਸਪਤਾਲਾਂ ਵਿੱਚ ਫੋਨ ਕੀਤੇ। ਮੈਂ ਕਦੇ ਅੰਦਰ ਜਾਂਦੀ ਕਦੇ ਬਾਹਰ। ਸੋਚਣ ਸ਼ਕਤੀ ਬਿਲਕੁਲ ਹੀ ਜਵਾਬ ਦੇ ਗਈ ਸੀ। ਉਨ੍ਹੀਂ ਦਿਨੀਂ ਪੁਲੀਸ ਤਕ ਪਹੁੰਚ ਕਰਨੀ ਕਿਸੇ ਨਵੀਂ ਮੁਸੀਬਤ ਨੂੰ ਸੱਦਾ ਦੇਣ ਵਰਗੀ ਗ਼ਲਤੀ ਸੀ। ਸ਼ਾਮ ਸੱਤ ਕੁ ਵਜੇ ਮੇਰੀ ਭੈਣ ਟੱਲੀ ਵਾਂਗ ਟਣਕੀ, "ਲੈ ਪਹੁੰਚ ਗਿਆ ਤੇ ਇਸੇ ਤੋਂ ਸੁਣ ਹੱਡਬੀਤੀ।"

ਮੈਂ ਜਿਵੇਂ ਕਿਸੇ ਸੁਨਾਮੀ ਦੀਆਂ ਛੱਲਾਂ ਵਿੱਚੋਂ ਕੰਢੇ ਆ ਲੱਗੀ। ਬਲਦੇਵ ਦੀਆਂ ਅੱਖਾਂ ਵਿੱਚ ਡੱਕੇ ਹੰਝੂ ਗੱਲ੍ਹਾਂ 'ਤੇ ਉਤਰ ਆਏ। ਅੱਗੋਂ ਰਿਸ਼ਮ ਦੇ ਮਾਣਮੱਤੇ ਬੋਲ ਸਨ, "ਮੰਮੀ! ਮੈਂ ਤਾਂ ਬੜੇ ਮਜ਼ੇ ਨਾਲ ਸਕੂਟਰ 'ਤੇ ਫਰਾਟੇ ਮਾਰਦਾ ਜਾ ਰਿਹਾ ਸੀ। ਮੋਰਿੰਡੇ ਤੋਂ ਥੋੜ੍ਹਾ ਪਹਿਲਾਂ ਪਿਸ਼ਾਬ ਦੀ ਹਾਜਤ ਹੋਈ। ਕਾਈਨੈਟਿਕ ਸੜਕ ਕਿਨਾਰੇ ਖੜ੍ਹਾ ਕੇ ਮੈਂ ਪਰ੍ਹਾਂ ਝਾੜੀਆਂ ਵੱਲ ਚਲਿਆ ਗਿਆ। ਮੱਧਮ ਜਿਹੀ ਹੂੰਅੜ ਹੂੰਅ ਸੁਣ ਰਹੀ ਸੀ। ਉੱਥੇ ਜਾ ਕੇ ਦੇਖਿਆ ਤਾਂ ਡਿੱਗੇ ਹੋਏ ਮੋਟਰਸਾਈਕਲ ਕੋਲ ਇੱਕ ਬੰਦਾ ਕਰਾਹ ਰਿਹਾ ਸੀ ਜ਼ਖ਼ਮੀ"

"ਅੱਛਾ" ਫਿਰ?" ਬਲਦੇਵ ਨੂੰ ਕੰਨ ਨੇੜੇ ਕਰਕੇ ਸੁਣਨ ਦੀ ਕੋਸ਼ਿਸ਼ ਕਰਦੇ ਦੇਖ ਮੈਂ ਫੋਨ ਨੂੰ ਸਪੀਕਰ 'ਤੇ ਲਾ ਲਿਆ। "ਮੈਂ ਉਸ ਨੂੰ ਬੁਲਾਉਣ ਜਾਂ ਹੋਰ ਮਦਦ ਕਰਨ ਦੀ ਬੜੀ ਕੋਸ਼ਿਸ਼ ਕੀਤੀ, ਪਰ ਉਹ ਨੀਮ ਬੇਹੋਸ਼ੀ ਦੀ ਹਾਲਤ ਵਿੱਚ ਹੋਣ ਕਾਰਨ ਕੁਝ ਨਾ ਬੋਲਿਆ। ਫਿਰ ਮੈਂ ਸੜਕ ਵਿਚਕਾਰ ਖੜੋ ਕੇ ਕਾਰਾਂ-ਟਰੱਕ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਕੋਈ ਨਾ ਰੁਕਿਆ। ਦੋ ਕਾਰਾਂ ਵਾਲੇ ਰੁਕੇ ਵੀ ਤਾਂ ਉਨ੍ਹਾਂ ਨੇ ਅਜਿਹੇ ਕੇਸ ਨੂੰ ਲਿਜਾਣ ਤੋਂ ਮਨ੍ਹਾ ਕਰ ਦਿੱਤਾ।" "ਫਿਰ ਤਾਂ ਬੜੀ ਮੁਸ਼ਕਿਲ ਸਥਿਤੀ ਬਣ ਗਈ ਬੇਟਾ," ਬਲਦੇਵ ਗੱਲਬਾਤ ਵਿੱਚ ਸ਼ਾਮਿਲ ਹੋ ਗਿਆ। "ਪਾਪਾ! ਮੈਨੂੰ ਕੁਝ ਸਮਝ ਨਾ ਆਵੇ ਕਿ ਕੀ ਕਰਾਂ? ਕਾਈਨੈਟਿਕ ਸਟਾਰਟ ਕਰਕੇ ਮੋਰਿੰਡੇ ਪੁਲੀਸ ਚੌਕੀ ਪਹੁੰਚ ਕੇ ਸਾਰੀ ਹਾਲਤ ਦੱਸੀ। ਉਹ ਕਹਿੰਦੇ ਕਿ ਪੁੱਤ, ਸਕੂਟਰ ਕਰ ਖੜ੍ਹਾ ਤੇ ਬੈਠ ਸਾਡੇ ਨਾਲ ਜੀਪ 'ਤੇ ਮਰਦਾ ਕੀ ਨਾ ਕਰਦਾ, ਬੈਠਣਾ ਪਿਆ।"

"ਉਫ਼ ਇਹ ਪੁਲੀਸ ਵੀ ਨਾ" ਮੈਨੂੰ ਬੁਖਲਾਹਟ ਵਿੱਚ ਲਫ਼ਜ਼ ਹੀ ਨਹੀਂ ਅੌੜ ਰਹੇ ਸਨ। ਸ਼ਾਇਦ ਆਵਾਜ਼ ਵੀ ਕੰਬ ਰਹੀ ਸੀ। "ਮੰਮੀ! ਪਹਿਲਾਂ ਇਹ ਸੁਣ ਲਉ ਬਈ ਸਭ ਕੁਝ ਠੀਕ ਐ, ਪ੍ਰੇਸ਼ਾਨ ਨਾ ਹੋਵੋ।" "ਚੱਲ ਤੂੰ ਅੱਗੇ ਦੱਸ" ਤੇਰੀ ਮਾਂ ਤਾਂ ਐਵੇਂ" ਸ਼ਬਦ ਬਲਦੇਵ ਤੋਂ ਵੀ ਗੁਆਚ ਰਹੇ ਸਨ। "ਅੱਗੇ ਕੀ, ਬਸ ਉਸੇ ਥਾਂ ਪਹੁੰਚ ਗਏ। ਹੁਣ ਤਾਂ ਉਹ ਬੰਦਾ ਉੱਕਾ ਹੀ ਬੇਹੋਸ਼ ਸੀ, ਖ਼ੂਨ ਨਾਲ ਲਥਪਥ, ਸਿਪਾਹੀਆਂ ਨੇ ਉਸ ਨੂੰ ਗੱਡੀ 'ਚ ਪਾ ਲਿਆ ਤੇ ਕਹਿੰਦੇ ਕਿ ਕਾਕਾ! ਜਾਂ ਤਾਂ ਸਾਡੇ ਨਾਲ ਹਸਪਤਾਲ ਚੱਲ, ਨਹੀਂ ਤਾਂ ਉਦੋਂ ਤਕ ਥਾਣੇ ਬੈਠਣਾ ਪਊ ਜਦੋਂ ਤਕ ਇਹਦੇ ਬਿਆਨ ਨਹੀਂ ਲੈ ਲੈਂਦੇ।" "ਹਾਏ ਰੱਬਾ" ਮੈਥੋਂ ਫਿਰ ਬੋਲੇ ਬਿਨਾਂ ਰਿਹਾ ਨਾ ਗਿਆ। "ਬਸ ਮੰਮੀ-ਪਾਪਾ! ਮੈਂ ਸੋਚਿਆ ਹਸਪਤਾਲ ਜਾਣਾ ਹੀ ਠੀਕ ਐ, ਨਾਲੇ ਖ਼ੌਰੇ ਖ਼ੂਨ ਦੀ ਲੋੜ ਪਵੇ, ਪਰ ਉਹ ਤਾਂ ਪਈ ਨਹੀਂ, ਸਿਪਾਹੀਆਂ ਨੇ ਡਾਕਟਰ ਦੀ ਪਰਚੀ ਵੀ ਮੈਨੂੰ ਫੜਾ ਦਿੱਤੀ। ਚਲੋ ਮੇਰੇ ਕੋਲ ਪੈਸੇ ਹੈਗੇ ਸੀ, ਮੰਮੀ! ਸਵੇਰੇ ਜਿਹੜੇ ਤੁਸੀਂ ਦਿੱਤੇ ਸੀ। ਮੈਂ ਦਵਾਈਆਂ ਲਿਆ ਦਿੱਤੀਆਂ।"

"ਪੈਸਿਆਂ ਦੀ ਛੱਡ ਬੇਟਾ! ਇਹ ਦੱਸ ਫਿਰ ਬਣਿਆ ਕੀ?" ਮੈਂ ਛੇਤੀ ਤੋਂ ਛੇਤੀ ਸਭ ਜਾਣਨ ਲਈ ਕਾਹਲੀ ਸਾਂ।

"ਬਸ ਮੰਮੀ ਜੀ! ਗੁਲੂਕੋਜ਼ ਲੱਗ ਗਿਆ। ਪੱਟੀਆਂ ਹੋ ਗਈਆਂ। ਹੋਰ ਇਲਾਰ ਹੁੰਦਾ ਰਿਹਾ। ਅਸੀਂ ਵਰਾਂਡੇ 'ਚ ਬੈਠੇ ਰਹੇ। ਅਖੀਰ ਉਹ ਬੰਦਾ ਹੋਸ਼ 'ਚ ਆ ਗਿਆ, ਪੁਲੀਸ ਨੂੰ ਬਿਆਨ ਦੇ ਦਿੱਤਾ ਕਿ ਸੜਕ 'ਤੇ ਕੋਈ ਵੱਡਾ ਰੋੜਾ ਪਿਆ ਸੀ, ਜਿਸ ਤੋਂ ਬੁੜ੍ਹਕ ਕੇ ਮੋਟਰਸਾਈਕਲ ਦੂਰ ਝਾੜੀਆਂ ਵਿੱਚ ਜਾ ਪਿਆ ਤੇ ਉਹ ਡਿੱਗ ਕੇ ਜ਼ਖ਼ਮੀ ਹੋ ਗਿਆ।"

"ਸ਼ੁਕਰ ਐ ਵਾਹਿਗੁਰੂ" ਸੱਚੇ ਪਾਤਸ਼ਾਹ" ਮੇਰੇ ਤੜਪਦੇ ਕਾਲਜੇ ਨੂੰ ਠੰਢ ਪੈ ਗਈ।

"ਹੋਰ ਸੁਣੋ! ਸਿਪਾਹੀ ਨੇ ਮੈਨੂੰ ਖਿੱਚ ਕੇ ਉਸ ਦੇ ਸਾਹਮਣੇ ਕਰ ਦਿੱਤਾ। ਕਹਿੰਦਾ: ਇਸ ਮੁੰਡੇ ਨੇ ਤਾਂ ਨਹੀਂ ਕੀਤਾ ਐਕਸੀਡੈਂਟ?"

"ਫੇਰ?" "ਉਹ ਹੁਣ ਪੂਰੇ ਹੋਸ਼ 'ਚ ਸੀ, ਬਿਲਕੁਲ ਠੀਕ-ਠਾਕ। ਕਹਿੰਦਾ, 'ਨਹੀਂ ਜੀ, ਸੜਕ ਤੇ ਤਾਂ ਉਦੋਂ ਕੋਈ ਨਹੀਂ ਸੀ, ਇਹ ਮੁੰਡਾ ਵੀ ਨਹੀਂ,' ਤਾਂ ਕਿਤੇ ਮੇਰੀ ਬੰਦ-ਖਲਾਸੀ ਹੋਈ।" "ਲੱਖ ਲੱਖ ਸ਼ੁਕਰ ਪਰਮਾਤਮਾ ਦਾ ਤੇ ਤੂੰ ਉਵੇਂ ਹੀ ਭੁੱਖਣ-ਭਾਣਾ!" "ਨਾ ਜੀ, ਨਾ! ਜਦੋਂ ਦਾ ਆਇਆਂ ਮਾਸੀ ਦਬਾਸੱਟ ਚਾਰੀ ਜਾਂਦੀ ਐ, ਗਲ਼ ਤਾਈਂ ਰਜਾ ਦਿੱਤਾ," ਰਿਸ਼ਮ ਖਿੜਖਿੜਾਇਆ।

"ਹੁਣ ਹਿੜ-ਹਿੜ ਕਰੀ ਜਾਂਦਾ ਐਂ। ਜੇ ਉਸ ਬੰਦੇ ਨੂੰ ਕੁਝ ਹੋ ਜਾਂਦਾ ਤਾਂ ਰਗੜਿਆ ਗਿਆ ਸੀ ਤੂੰ ਤੇ ਨਾਲੇ ਅਸੀਂ ਸਾਰੇ" ਮਾਸੀ ਦਾ ਪਿਆਰ ਚਿੰਤਾ ਵਿੱਚ ਡਿੱਕਡੋਲੇ ਖਾ ਰਿਹਾ ਸੀ। "ਕੋਈ ਨਾ ਪਰਮਿੰਦਰ! ਇਹਦੇ ਕਰਕੇ ਕਿਸੇ ਮਾਂ ਦਾ ਪੁੱਤ ਬਚ ਵੀ ਤਾਂ ਗਿਐ ਸ਼ਾਬਾਸ਼ ਬੇਟਾ ਸ਼ਾਬਾਸ਼।" "ਵੈੱਲ ਡਨ ਜਵਾਨ! ਕੀਪ ਇਟ ਅੱਪ" ਬਲਦੇਵ ਨੇ ਫ਼ੌਜੀਆਂ ਵਰਗੇ ਬੁਲੰਦ ਅੰਦਾਜ਼ ਵਿੱਚ ਕਿਹਾ ਤੇ ਸਾਡੇ ਦੋਵਾਂ ਦੇ 'ਫ਼ਿਕਰ' ਦੀ ਥਾਂ 'ਫ਼ਖ਼ਰ' ਨੇ ਲੈ ਲਈ।

■ ਡਾ. ਗੁਰਮਿੰਦਰ ਸਿੱਧੂ

# ਬਠਿੰਡੇ ਦੀਆਂ ਦੋ ਹੋਣਹਾਰ ਧੀਆਂ ਨੇ ਵਧਾਇਆ ਜ਼ਿਲ੍ਹੇ ਦਾ ਮਾਣ : ਸ਼ੌਕਤ ਅਹਿਮਦ ਪਰੇ

**ਬਠਿੰਡਾ -ਜਸਵੀਰ ਔਲਖ- -ਰੋਜ਼ਾਨਾ ਸਵੇਰਾ-**

ਲੰਮੇ ਅਰਸੇ ਤੋਂ ਬੰਦ ਪਏ ਯੁਵਕ ਸੇਵਾਵਾਂ ਵਿਭਾਗ ਨਾਲ ਸਬੰਧਿਤ ਸ਼ਹੀਦ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਪੰਜਾਬ ਸਰਕਾਰ ਵਲੋਂ ਦੁਬਾਰਾ ਤੋਂ ਚਾਲੂ ਕਰ ਦਿੱਤੇ ਹਨ । 28 ਸਤੰਬਰ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਮੌਕੇ ਕੀਤੇ ਆਪਣੇ ਵਾਅਦੇ ਨੂੰ ਪੂਰਾ ਕਰਦਿਆਂ ਮੁੱਖ ਮੰਤਰੀ ਪੰਜਾਬ ਸ. ਭਗਵੰਤ ਮਾਨ ਵਲੋਂ ਇਹ ਪੁਰਸਕਾਰ 23 ਮਾਰਚ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਉੱਪਰ ਹੁਸੈਨੀਵਾਲਾ ਵਿਖੇ ਹੋਏ ਰਾਜ-ਪੱਧਰੀ ਸਮਾਗਮ ਦੌਰਾਨ ਪ੍ਰਦਾਨ ਕੀਤੇ ਗਏ।

ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਬਠਿੰਡੇ ਜ਼ਿਲ੍ਹੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਇਨ੍ਹਾਂ 6 ਪੁਰਸਕਾਰਾਂ ਵਿਚੋਂ 2 ਪੁਰਸਕਾਰ ਬਠਿੰਡਾ ਜ਼ਿਲ੍ਹੇ ਦੇ ਹਿੱਸੇ ਆਏ ਹਨ। 51 ਹਜ਼ਾਰ ਰਾਸ਼ੀ ਵਾਲਾ ਇਹ ਪੁਰਸਕਾਰ ਸੁਖਦੀਪ ਕੌਰ ਪਿੰਡ ਚੱਠੇਵਾਲਾ ਅਤੇ ਬੇਅੰਤ ਕੌਰ ਪਿੰਡ ਰਾਈਆ ਨੇ ਕੱਲ੍ਹ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਪਾਸੋਂ ਪ੍ਰਾਪਤ ਕੀਤਾ। ਇਸ ਮਾਣਮੱਤੀ ਪ੍ਰਾਪਤੀ ਤੇ ਡਿਪਟੀ ਕਮਿਸ਼ਨਰ ਨੇ ਇਨ੍ਹਾਂ ਲੜਕੀਆਂ ਨੂੰ ਵਿਸ਼ੇਸ਼ ਤੌਰ ਤੇ ਵਧਾਈ ਦਿੱਤੀ ਤੇ ਅੱਗੇ ਤੋਂ ਵੀ ਸਮਾਜ ਸੇਵਾ ਦੇ ਖੇਤਰ ਵਿਚ ਵੱਧ ਤੋਂ ਵੱਧ ਯੋਗਦਾਨ ਪਾਉਂਦੇ ਰਹਿਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਉਨ੍ਹਾਂ ਨਾਲ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਅਮਰਜੀਤ ਮਹਿਤਾ ਵੀ ਮੌਜੂਦ ਸਨ ।

ਯੁਵਕ ਸੇਵਾਵਾਂ ਵਿਭਾਗ ਦੇ ਸਹਾਇਕ ਡਾਇਰੈਕਟਰ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਇਹ ਪੁਰਸਕਾਰ ਯੁਵਕ ਸੇਵਾਵਾਂ ਵਿਭਾਗ ਵੱਲੋਂ ਉਨ੍ਹਾਂ ਨੌਜਵਾਨਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਸਮਾਜ ਸੇਵਾ ਦੇ ਖੇਤਰ,ਵਿਭਾਗ ਨਾਲ ਸਬੰਧਿਤ ਯੁਵਕ ਗਤੀਵਿਧੀਆਂ, ਸਾਹਸੀ ਗਤੀਵਿਧੀਆਂ ਦੇ ਖੇਤਰ ਵਿਚ ਮੱਲਾਂ ਮਾਰੀਆਂ ਹੋਣ ਅਤੇ ਨਰੋਏ ਸਮਾਜ ਲਈ ਚੰਗਾ ਯੋਗਦਾਨ ਪਾਇਆ ਹੋਵੇ। ਜ਼ਿਕਰਯੋਗ ਹੈ ਕਿ ਇਹ ਅਵਾਰਡ ਪਿਛਲੇ ਛੇ ਸੱਤ ਸਾਲਾਂ ਤੋਂ ਬੰਦ ਪਏ ਸਨ ਅਤੇ ਮਾਨ ਸਰਕਾਰ ਨੇ ਯੁਵਕ ਸੇਵਾਵਾਂ ਵਿਭਾਗ ਦੇ ਜਰੀਏ ਇਹ ਐਵਾਰਡ ਮੁੜ ਤੋਂ ਸ਼ੁਰੂ ਕੀਤਾ ਹੈ। ਇਥੇ ਇਹ ਦੱਸਣਾ ਬਣਦਾ ਹੈ ਕਿ ਇਹ ਇੱਕੋ ਇੱਕ ਸੂਬਾ ਪੱਧਰੀ ਪੁਰਸਕਾਰ ਹੈ ਜਿਹੜਾ ਸ਼ਹੀਦ ਭਗਤ ਸਿੰਘ ਦੇ ਨਾਮ ਉਪਰ ਤੇ ਸਮਾਜ ਸੇਵਾ ਲਈ ਵਡਮੁੱਲਾ ਯੋਗਦਾਨ ਪਾਉਣ ਵਾਲੇ ਨੌਜਵਾਨਾਂ ਨੂੰ ਦਿੱਤਾ ਜਾਂਦਾ ਹੈ।

# ਪ੍ਰਾਚੀਨ ਸ਼ੀਤਲਾ ਮਾਤਾ ਧਾਮ ਨੁਕੇਰਾ ਵਿਖੇ ਕਰਵਾਇਆ ਗਿਆ ਵਿਸ਼ਾਲ ਜਾਗਰਣ

**ਬਠਿੰਡਾ -ਜਸਵੀਰ ਔਲਖ- -ਰੋਜ਼ਾਨਾ ਸਵੇਰਾ-**

ਸੰਗਰੀਆ ਨੇੜਲੇ ਪਿੰਡ ਨੁਕੇਰਾ ਦੇ ਪ੍ਰਾਚੀਨ ਸ਼ੀਤਲਾ ਮਾਤਾ ਧਾਮ ਨੁਕੇਰਾ ਵਿਖੇ ਸਮੂਹ ਨਗਰ ਦੇ ਸਹਿਯੋਗ ਨਾਲ ਵਿਸ਼ਾਲ ਜਾਗਰਣ ਸ਼ਰਧਾ ਭਾਵਨਾ ਅਤੇ ਧੂਮਧਾਮ ਨਾਲ ਕਰਵਾਇਆ ਗਿਆ। ਇਸ ਸਮੇਂ ਸੰਤ ਬਾਬਾ ਕਮਲਦੇਵ ਜੀ ਉਦਾਸੀਨ ਨੇ ਆਪਣੇ ਕਮਲਾਂ ਨਾਲ ਜੋਤ ਜਗਾ ਕੇ ਜਾਗਰਣ ਦਾ ਸ਼ੁਭ ਅਰੰਭ ਕੀਤਾ। ਇਸ ਪ੍ਰੋਗਰਾਮ 'ਚ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਸੁਪਰ ਕਲਾਕਾਰਾਂ ਨੇ ਪੰਜਾਬੀ, ਹਰਿਆਣਵੀ ਅਤੇ ਹਿੰਦੀ ਭਜਨਾਂ ਦਾ ਗੁਣਗਾਣ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ, ਉਥੇ ਹੀ ਸੰਤ ਬਾਬਾ ਕਮਲਦੇਵ ਜੀ ਨੇ ਧਾਮ ਦੇ ਮੁੱਖ ਪੁਜਾਰੀ ਜਗਤਾਰ ਨੁਕੇਰਾ ਨੂੰ ਗੁਰੂ ਮੰਤਰ ਦੇ ਕੇ ਆਪਣਾ ਚੇਲਾ ਬਣਾਇਆ ਅਤੇ ਜਗਤਾਰ ਨੁਕੇਰਾ ਜੀ ਨੂੰ ਉਦਾਸੀਨ ਸੰਪਰਦਾ ਦੇ ਸੰਤ ਬਾਬਾ ਕਮਲਦੇਵ ਜੀ ਨੇ ਸੰਤ ਦੀ ਉਪਾਧੀ ਦਿੱਤੀ।

ਇਸ ਮੌਕੇ ਬਜਰੰਗ ਦਲ ਦੇ ਪ੍ਰਧਾਨ ਗੁਰਦਿਆਲ ਸੋਨੀ ਅਤੇ ਅੰਤਰਰਾਸ਼ਟਰੀ ਲੋਕ ਗਾਇਕ ਕਲਾ ਮੰਚ ਦੇ ਕਲਾਕਾਰਾਂ ਅਤੇ ਸ਼ਰਧਾਲੂਆਂ ਨੇ ਵਧਾਈ ਦਿੱਤੀ। ਸਮਾਜ ਸੇਵਾ ਵਿੱਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਸਮਾਜ ਸੇਵੀ ਵਿਅਕਤੀਆਂ ਨੂੰ ਬਜਰੰਗ ਦਲ ਵੱਲੋਂ ਸਨਮਾਨ ਚਿੰਨ੍ਹ ਭੇਂਟ ਕੀਤੇ ਗਏ। ਸੇਵਾ ਵਿੱਚ ਸਕਾਊਟ ਗਾਈਡਾਂ ਦੇ ਨਾਲ ਪਿੰਡ ਵਾਸੀਆਂ ਅਤੇ ਵਿਦਿਆਰਥੀਆਂ ਦਾ ਭਰਪੂਰ ਸਹਿਯੋਗ ਰਿਹਾ।

ਇਸ ਮਹਾਂ ਜਗਰਣ ਵਿੱਚ ਮਹਿਲਾ ਅਨਾਥ ਆਸ਼ਰਮ ਸੰਘਰੀਆ ਅਤੇ ਬਜਰੰਗ ਦਲ ਵੱਲੋਂ ਦੋ ਬੇਸਹਾਰਾ ਧੀਆਂ ਦੇ ਵਿਆਹ ਵਿੱਚ ਵੀ ਸਹਿਯੋਗ ਦਿੱਤਾ ਗਿਆ। ਝਾਂਸੀ ਦੀ ਰਾਣੀ ਲਕਸ਼ਮੀ ਬਾਈ ਸੇਵਾ ਸੰਮਤੀ ਮਹਿਲਾ ਅਨਾਥ ਆਸ਼ਰਮ ਸੰਘਰੀਆ ਦੀ ਪ੍ਰਧਾਨ ਇੰਦੂ ਸ਼ਰਮਾ, ਬਜਰੰਗ ਦਲ ਦੇ ਪ੍ਰਧਾਨ ਗੁਰਦਿਆਲ ਸੋਨੀ, ਗਾਇਕ ਵਿਸ਼ਾਲ ਸਰਗਮ, ਕਮਲ ਅਰੋੜਾ, ਰਣਜੀਤ ਰਾਜਸਥਾਨੀ, ਅੰਤਰਰਾਸ਼ਟਰੀ ਲੋਕ ਗਾਇਕ ਕਲਾ ਮੰਚ ਦੇ ਪ੍ਰਧਾਨ ਜੀਤ ਫਤਿਹਗੜੀਆ, ਮੇਸ਼ੀ ਹੀਰਾ ਰੂਪਨਗਰ, ਕੁਲਵੰਤ ਲੋਹਟ ਨੇ ਇਸ ਕਾਰਜ ਵਿੱਚ ਸ਼ਮੂਲੀਅਤ ਕੀਤੀ।

ਗਾਇਕ ਦੀਪ ਸਾਜਨ, ਬਠਿੰਡਾ ਤੋਂ ਸੰਗੀਤਕ ਤੇ ਫ਼ਿਲਮੀ ਪੱਤਰਕਾਰ ਗੁਰਬਾਜ ਗਿੱਲ, ਗਾਇਕਾ ਮਨਦੀਪ ਲੱਕੀ, ਗਾਇਕ ਸਿੱਧੂ ਜਗਤਾਰ ਅਤੇ ਜਗਤਾਰ ਸੱਗੂ ਆਦਿ ਮਹਾਨ ਸ਼ਖ਼ਸੀਅਤਾਂ ਨੇ ਵੀ ਉਚੇਚੇ ਤੌਰ ਤੇ ਸ਼ਿਰਕਤ ਕੀਤੀ।

# ਡਵੀਜ਼ਨਲ ਕਮਿਸ਼ਨਰ ਫ਼ਰੀਦਕੋਟ ਨੇ ਕੀਤਾ ਬਠਿੰਡਾ ਦਾ ਦੌਰਾ

**ਬਠਿੰਡਾ -ਜਸਵੀਰ ਔਲਖ- -ਰੋਜ਼ਾਨਾ ਸਵੇਰਾ-**

ਡਵੀਜ਼ਨਲ ਕਮਿਸ਼ਨਰ ਫ਼ਰੀਦਕੋਟ ਸ਼੍ਰੀ ਚੰਦਰ ਗੈਂਦ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਜ਼ਿਲ੍ਹਾ ਪੱਧਰੀ ਵਾਤਾਵਰਣ ਕਮੇਟੀ ਦੀ ਰੀਵਿਊ ਬੈਠਕ ਹੋਈ। ਇਸ ਮੌਕੇ ਉਨ੍ਹਾਂ ਜ਼ਿਲ੍ਹੇ ਅੰਦਰ ਵਾਤਾਵਰਣ ਦੀ ਸ਼ੁੱਧਤਾ, ਪਾਣੀ ਦੀ ਸਾਂਭ-ਸੰਭਾਲ, ਸਾਫ਼-ਸਫ਼ਾਈ, ਸ਼ੋਰ ਪ੍ਰਦੂਸ਼ਣ ਤੋਂ ਮੁਕਤੀ ਲਈ ਅਧਿਕਾਰੀਆਂ ਨੂੰ ਆਪੋ-ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣ ਲਈ ਲੋੜੀਂਦੇ ਆਦੇਸ਼ ਵੀ ਦਿੱਤੇ। ਇਸ ਮੌਕੇ ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਵਿਸ਼ੇਸ਼ ਤੌਰ ਤੇ ਮੌਜੂਦ ਰਹੇ। ਇਸ ਦੌਰਾਨ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਜ਼ਿਲ੍ਹੇ ਅੰਦਰ ਵਾਤਾਵਰਣ ਤੇ ਪਾਣੀ ਦੀ ਸ਼ੁੱਧਤਾ ਦੇ ਨਾਲ-ਨਾਲ ਸਾਫ਼-ਸਫ਼ਾਈ ਦੇ ਸਬੰਧੀ ਕੀਤੇ ਜਾ ਰਹੇ ਕਾਰਜਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਵਿਸ਼ਵਾਸ਼ ਦਿਵਾਉਂਦਿਆਂ ਕਿਹਾ ਕਿ ਵਾਤਾਵਰਣ ਤੇ ਪਾਣੀ ਦੀ ਸ਼ੁੱਧਤਾ ਦੇ ਨਾਲ-ਨਾਲ ਸਾਫ਼-ਸਫ਼ਾਈ ਦੇ ਮਾਮਲੇ ਵਿਚ ਕਿਸੇ ਵੀ ਤਰ੍ਹਾਂ ਦੀ ਢਿੱਲ ਨਹੀਂ ਵਰਤੀ ਜਾਵੇਗੀ ਅਤੇ ਨਿਰੰਤਰ ਡੋਰ-ਟੂ-ਡੋਰ ਜਾ ਕੇ ਕੂੜਾ ਕਰਕਟ ਨੂੰ ਲਗਾਤਾਰ ਚੁਕਵਾਇਆ ਜਾਵੇਗਾ।ਬੈਠਕ ਦੌਰਾਨ ਡਵੀਜ਼ਨਲ ਕਮਿਸ਼ਨਰ ਨੇ ਸਮੂਹ ਵਿਭਾਗਾਂ ਨੂੰ ਵਾਤਾਵਰਣ ਦੀ ਸ਼ੁੱਧਤਾ, ਪਾਣੀ ਦੀ ਸਾਂਭ-ਸੰਭਾਲ ਸਬੰਧੀ ਤਿਆਰ ਕੀਤੇ ਐਕਸ਼ਨ ਪਲਾਨ ਤੇ ਵਿਸ਼ੇਸ਼ ਤੱਵੱਜੋ ਦੇਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨਗਰ ਨਿਗਮ, ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਨਾਲ ਸਬੰਧਤ ਅਧਿਕਾਰੀਆਂ ਨੂੰ ਸੋਲਡ ਵੇਸਟ ਮੈਨੇਜਮੈਂਟ ਸਬੰਧੀ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੰਦਿਆਂ ਸਿੰਗਲ ਯੂਜ਼ ਪਲਾਸਟਿਕ ਦੇ ਖ਼ਾਤਮੇ ਲਈ ਵੱਧ ਤੋਂ ਵੱਧ ਯਤਨ ਕਰਨ ਦੀ ਹਦਾਇਤ ਕੀਤੀ। ਇਸ ਦੌਰਾਨ ਖ਼ਾਸ ਤੌਰ ਤੇ ਸੀਵਰੇਜ਼ ਟਰੀਟਮੈਂਟ ਪਲਾਂਟ ਸਬੰਧੀ ਵੀ ਲੋੜੀਂਦੇ ਆਦੇਸ਼ ਦਿੱਤੇ। ਇਸ ਮੌਕੇ ਉਨ੍ਹਾਂ ਸਮੂਹ ਨਗਰ ਨਿਗਮ, ਨਗਰ ਕੌਂਸਲਾਂ, ਨਗਰ ਪੰਚਾਇਤਾਂ ਲਈ ਵਰਤੇ ਜਾਣ ਵਾਲੇ ਵਾਹਨਾਂ ਤੇ ਜੀਪੀਐਸ ਸਿਸਟਮ ਲਗਾਉਣਾ ਵੀ ਯਕੀਨੀ ਬਣਾਉਣ ਲਈ ਕਿਹਾ।

ਇਸ ਮੌਕੇ ਡਵੀਜ਼ਨਲ ਕਮਿਸ਼ਨਰ ਨੇ ਵਿਦਿਆਰਥੀਆਂ ਦੀਆਂ ਸਲਾਨਾ ਪ੍ਰੀਖਿਆਵਾਂ ਨੂੰ ਦੇਖਦੇ ਹੋਏ ਅਧਿਕਾਰੀਆਂ ਨੂੰ ਧਾਰਮਿਕ ਸਥਾਨਾਂ ਵਿਖੇ ਸਪੀਕਰਾਂ ਦੀ ਆਵਾਜ਼ ਨੂੰ ਘੱਟ ਕਰਨ ਲਈ ਯਕੀਨੀ ਬਣਾਉਣ ਲਈ ਵੀ ਕਿਹਾ। ਉਨ੍ਹਾਂ ਅਧਿਕਾਰੀਆਂ ਨੂੰ ਵਿਦਿਅਕ ਸਥਾਨਾਂ ਅਤੇ ਹਸਪਤਾਲਾਂ ਦੇ ਨੇੜੇ ਸ਼ੋਰ ਪ੍ਰਦੂਸ਼ਣ ਘੱਟ ਕਰਨ ਲਈ ਜਾਗਰੂਕਤਾ ਸਾਇਨ ਬੋਰਡ ਲਗਾਉਣ ਲਈ ਵੀ ਹਦਾਇਤ ਕੀਤੀ।ਇਸ ਉਪਰੰਤ ਡਵੀਜ਼ਨਲ ਕਮਿਸ਼ਨਰ ਵਲੋਂ ਕੋਟਸ਼ਮੀਰ ਨਗਰ ਪੰਚਾਇਤ ਦਾ ਦੌਰਾ ਕਰਕੇ ਇੱਥੇ ਬਣੇ ਐਮਆਰਐਫ਼ ਸ਼ੈੱਡ, ਕੰਪੋਸਟਿੰਗ ਪਿਟਸ ਅਤੇ ਚਾਰ ਏਕੜ ਵਿੱਚ ਉਗਾਏ ਗਏ ਗਰੀਨ ਬੈਲਟ ਦਾ ਵੀ ਦੌਰਾ ਕਰਕੇ ਜਾਇਜ਼ਾ ਲਿਆ ਅਤੇ ਇੱਥੇ ਨਗਰ ਪੰਚਾਇਤ ਵਲੋਂ ਕੀਤੇ ਜਾ ਰਹੇ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ।

# ਵਿਸ਼ਵ ਟੀ.ਬੀ.ਦਿਵਸ਼ ਮੌਕੇ ਜਾਗਰੂਕ ਕੀਤਾ

**ਬਠਿੰਡਾ -ਜਸਵੀਰ ਔਲਖ- -ਰੋਜ਼ਾਨਾ ਸਵੇਰਾ-**



ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਅੱਜ ਦਾ ਦਿਨ ਵਿਸ਼ਵ ਟੀ.ਬੀ.ਜਾਗਰੂਕਤਾ ਦਿਨ ਮਨਾਇਆ ਜਾ ਰਿਹਾ ਹੈ ।ਇਸੇ ਅਧੀਨ ਸਿਵਲ ਸਰਜਨ ਡਾਕਟਰ ਤੇਜਵੰਤ ਸਿੰਘ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਸੀਮਾ ਗੁਪਤਾ ਦੀ ਯੋਗ ਅਗਵਾਈ ਹੇਠ ਭਗਤਾ ਭਾਈਕਾ ਦੇ ਸਰਕਾਰੀ ਹਸਪਤਾਲ ਅਤੇ ਇਸ ਅਧੀਨ ਪੈਂਦੇ ਹੈਲਥ ਐਂਡ ਵੈਲਨੈਸ ਸੈਂਟਰਾਂ ਅਤੇ ਹੋਰਨਾਂ ਥਾਵਾਂ ਉਪਰ ਲੋਕਾਂ ਨੂੰ ਜਾਗਰੂਕ ਕੀਤਾ ਗਿਆ । ਭਗਤਾ ਭਾਈਕਾ ਦੇ ਸਰਕਾਰੀ ਹਸਪਤਾਲ ਵਿਖੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਬਲਾਕ ਐਜੂਕੇਟਰ ਮਾਲਵਿੰਦਰ ਸਿੰਘ ਤਿਊਣਾ, ਐਸ.ਟੀ.ਐਸ.ਰਾਕੇਸ਼ ਕੁਮਾਰ ਅਤੇ ਹਰਦੀਪ ਚੰਦ ਐਮ.ਐਲ.ਟੀ. ਨੇ ਕਿਹਾ ਕਿ ਅੱਜ ਪੂਰੇ ਸੰਸਾਰ ਭਰ ਵਿੱਚ ਟੀ.ਬੀ.ਦੀ ਬਿਮਾਰੀ ਤੋਂ ਲੋਕਾਂ ਨੂੰ ਜਾਗਰੂਕ ਕਰਨ ਦੇ ਉਦੇਸ਼ ਨਾਲ ਭਾਸ਼ਣ ਕੀਤੇ ਜਾ ਰਹੇ ਹਨ ।

ਉਹਨਾਂ ਕਿਹਾ ਕਿ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਟੀ.ਬੀ.ਦੀ ਬਿਮਾਰੀ ਸਾਲ 2025 ਤੱਕ ਖ਼ਤਮ ਕਰਨ ਦਾ ਟੀਚਾ ਮਿੱਥਿਆ ਗਿਆ ਹੈ ।ਉਹਨਾਂ ਸਿਹਤ ਵਿਭਾਗ ਵੱਲੋਂ ਟੀ.ਬੀ.ਦੀ ਬਿਮਾਰੀ ਦਾ ਇਲਾਜ਼ ਸਮੂੰਹ ਸਰਕਾਰੀ ਹਸਪਾਲਾਂ ਵਿੱਚ ਮੁੱਫ਼ਤ ਕੀਤਾ ਜਾ ਰਿਹਾ ਹੈ ।ਇਸ ਮੌਕੇ ਫ਼ਰਮਾਸਿਸਟ ਅਵਤਾਰ ਵਰਮਾ, ਤਰਸੇਮ ਸਿੰਘ, ਰੇਸਵ ਕੁਮਾਰ ਵੱਲੋਂ ਵੀ ਪੂਰਨ ਸਹਿਯੋਗ ਦਿੱਤਾ ਗਿਆ ।ਇਸੇ ਤਰ੍ਹਾਂ ਹੀ ਪਿੰਡ ਭਾਈਰੂਪਾ ਵਿਖੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਮਾਲਵਿੰਦਰ ਸਿੰਘ ਅਤੇ ਰਣਜੀਤ ਸਿੰਘ ਬਹੁ ਉਦੇਸ਼ੀ ਸਿਹਤ ਕਾਮੇ ਨੇ ਕਿਹਾ ਕਿ ਟੀ.ਬੀ.ਦੀ ਬਿਮਾਰੀ ਹੋਣ ਦੀ ਸੂਰਤ ਵਿੱਚ ਵਿਅਕਤੀ ਦਾ ਭਾਰ ਘੱਟ ਜਾਂਦਾ ਹੈ, ਰਾਤ ਸਮੇਂ ਤਰੇਲੀਆਂ ਆਉਂਦੀਆਂ ਹਨ ਅਤੇ ਖਾਂਸੀ ਦੋ ਹਫ਼ਤੇ ਜਾਂ ਇਸ ਤੋਂ ਜਿਆਦਾ ਸਮਾਂ ਰਹਿ ਸਕਦੀ ਹੈ ।ਇਸ ਤਰ੍ਹਾਂ ਦੇ ਜਾਗਰੂਕ ਪ੍ਰੋਗਰਾਮ ਸਿਹਤ ਵਿਭਾਗ ਦੇ ਕਰਮਚਾਰੀਆਂ ਵੱਲੋਂ ਹੈਲਥ ਐਂਡ ਵੈਲਨੈਸ ਸੈਂਟਰ ਸਲਾਬਤਪੁਰਾ,ਕੋਠਾ ਗੁਰੂ ਕਾ ਵਿਖੇ,ਪਿੰਡ ਢਿਪਾਲੀ ਵਿਖੇ ਵੀ ਲੋਕਾਂ ਨੂੰ ਟੀ.ਬੀ.ਦੀ ਬਿਮਾਰੀ ਸਬੰਧੀ ਜਾਗਰੂਕ ਕੀਤਾ ਗਿਆ

# 500 ਦੇ ਕਰੀਬ ਲਾਭਪਾਤਰੀਆਂ ਦੇ ਕਾਰਡਾਂ ਦੀ ਦੁਬਾਰਾ ਪੜਤਾਲ ਕੀਤੀ




**ਰਾਮਾ ਮੰਡੀ, -ਰੋਜ਼ਾਨਾ ਸਵੇਰਾ-**

ਪਿਛਲੀਆਂ ਪੰਜਾਬ ਸਰਕਾਰਾਂ ਵੱਲੋਂ ਜ਼ਰੂਰਤਮੰਦ ਗਰੀਬਾਂ ਨੂੰ ਮੁਫ਼ਤ ਕਣਕ ਅਤੇ ਹੋਰ ਰਾਸ਼ਨ ਮੁਹੱਈਆ ਕਰਵਾਉਣ ਲਈ ਨੀਲੇ ਕਾਰਡ ਬਣਾਏ ਗਏ ਸਨ ਜਿਹਨਾਂ ਵਿਚ ਮੌਜੂਦਾ ਸਰਕਾਰ ਵੱਲੋਂ ਸੋਧ ਕਰਵਾਉਣ ਸਮੇਂ ਕਈ ਲਾਭਪਾਤਰੀਆਂ ਦੇ ਕਾਰਡ ਕੱਟੇ ਗਏ। ਜ਼ਰੂਰਤਮੰਦ ਗਰੀਬ ਲਾਭਪਾਤਰੀਆਂ ਦੇ ਕੱਟੇ ਕਾਰਡਾਂ ਨੂੰ ਬਹਾਲ ਕਰਨ ਲਈ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸਥਾਨਕ ਕੌਂਸਲ ਦਫ਼ਤਰ ਵਿਖੇ ਦੋ ਰੋਜ਼ਾ ਕੈਂਪ ਲਗਾ ਕੇ 500 ਦੇ ਕਰੀਬ ਨੀਲੇ ਕਾਰਡਾਂ ਦੀ ਦੁਬਾਰਾ ਪੜਤਾਲ ਕੀਤੀ ਗਈ। ਇਸ ਮੌਕੇ ਵਪਾਰ ਵਿੰਗ ਆਪ ਦੇ ਸ਼ਹਿਰੀ ਪ੍ਰਧਾਨ ਮੁਰਾਰੀ ਲਾਲ ਪੈਸੀਆ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਰਕਾਰ ਦਾ ਮਕਸਦ ਲਾਭਪਾਤਰੀਆਂ ਦੇ ਨੀਲੇ ਕਾਰਡ ਕੱਟਣਾ ਨਹੀਂ ਕਾਰਡਾਂ ਦੀ ਦੁਬਾਰਾ ਪੜਤਾਲ ਕਰਵਾਉਣਾ ਹੈ ਤਾਂ ਕਿ ਗਰੀਬਾਂ ਦਾ ਹੱਕ ਕੋਈ ਹੋਰ ਨਾ ਲੈ ਸਕੇ। ਜੋ ਕਾਰਡ ਪੜਤਾਲ ਕਰਨ ਤੋਂ ਰਹਿ ਗਏ ਹਨ ਉਹਨਾਂ ਲਈ ਦੁਬਾਰਾ ਖੋਲ੍ਹੇ ਜਾਣਗੇ।

# ਅੰਮ੍ਰਿਤਪਾਲ ਦੇ ਖ਼ਿਲਾਫ਼ ਪੁਲਿਸ ਕਾਰਵਾਈ ਦੇ ਗੰਭੀਰ ਮਾਅਨੇ

**ਮਾਨਸਾ, -ਰੋਜ਼ਾਨਾ ਸਵੇਰਾ-**





ਅੰਮ੍ਰਿਤ ਪਾਲ ਸਿੰਘ ਦੀ ਗ੍ਰਿਫ਼ਤਾਰੀ ਦੇ ਮਸਲੇ ਸਬੰਧੀ ਇਨਕਲਾਬੀ ਕੇਂਦਰ, ਪੰਜਾਬ ਨੇ ਆਪਣੀ ਪ੍ਰਤੀਕਿਰਿਆ ਦਿੱਤੀ ਹੈ। ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਇਨਕਲਾਬੀ ਕੇਂਦਰ, ਪੰਜਾਬ ਦੇ ਪ੍ਰਧਾਨ ਨਰਾਇਣ ਦੱਤ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਮੋਦੀ ਹਕੂਮਤ ਵੱਲੋਂ 2024 ਦੀਆਂ ਲੋਕ ਸਭਾ ਚੋਣਾਂ ਦੀ ਤਿਆਰੀ ਦੀ ਸਾਜ਼ਿਸ਼ ਕਰਾਰ ਦਿੱਤਾ ਹੈ। ਯਾਦ ਰਹੇ ਕਿ 'ਵਾਰਿਸ ਪੰਜਾਬ ਦੇ' ਨਾਂ ਦੀ ਜਥੇਬੰਦੀ ਖ਼ਿਲਾਫ਼ ਐਨੀ ਵੱਡੀ ਪੁਲਸ ਕਾਰਵਾਈ ਦੇ ਬਾਵਜੂਦ ਜੋ ਖਬਰਾਂ ਆ ਰਹੀਆਂ ਹਨ ਉਹ ਬੜੀਆਂ ਹੈਰਾਨੀ ਜਨਕ ਹਨ। ਅੰਮ੍ਰਿਤਪਾਲ ਸਿੰਘ ਦੇ ਰਿਸ਼ਤੇਦਾਰਾਂ ਅਤੇ ਉਸਦੇ ਪੈਰੋਕਾਰਾਂ ਵੱਲੋਂ ਇਹ ਦਾਅਵਾ ਕੀਤਾ ਜਾ ਰਿਹਾ ਸੀ ਕਿ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਪਰ ਪੰਜਾਬ ਪੁਲਿਸ ਇਸ ਬਾਰੇ ਖੁੱਲ੍ਹੇ ਤੌਰ 'ਤੇ ਐਲਾਨ ਨਹੀਂ ਕਰ ਰਹੀ। ਜਿਸ ਕਰਕੇ ਉਹ ਖਦਸ਼ਾ ਪ੍ਰਗਟਾ ਰਹੇ ਸਨ ਕਿ ਅੰਮ੍ਰਿਤਪਾਲ ਸਿੰਘ ਦਾ ਝੂਠਾ ਪੁਲਸ ਮੁਕ ?ਬਲਾ ਬਣਾਇਆ ਜਾ ਸਕਦਾ ਹੈ, ਪਰ ਹੁਣ ਜੋ ਸੱਚਾਈ ਸਾਹਮਣੇ ਆ ਰਹੀ ਹੈ ਉਹ ਇਹ ਹੈ ਕਿ ਅੰਮ੍ਰਿਤਪਾਲ ਸਿੰਘ ਪੁਲਸ ਨੂੰ 'ਚਕਮਾ' ਦੇ ਕੇ ਫਰਾਰ ਹੋਣ 'ਚ ਸਫ਼ਲ ਹੋ ਗਿਆ ਹੈ।ਆਗੂਆਂ ਨੇ ਕਿਹਾ ਕਿ ਬਹੁਤ ਵੱਡੀ ਪੱਧਰ 'ਤੇ ਇਕੱਠੀ ਹੋਈ ਪੁਲੀਸ ਫੋਰਸ ਦੀ ਘੇਰਾਬੰਦੀ ਦੇ ਬਾਵਜੂਦ ਅੰਮ੍ਰਿਤਪਾਲ ਦਾ ਗ੍ਰਿਫ਼ਤਾਰੀ ਤੋਂ ਬਚ ਨਿੱਕਲਣਾ ਲੋਕਾਂ ਸਾਹਮਣੇ ਵੱਡੇ ਸੁਆਲ ਖੜੇ ਕਰਦਾ ਹੈ। ਪਹਿਲੀ ਗੱਲ ਜੇਕਰ ਇਸ ਕਾਰਵਾਈ ਦਾ ਮਕਸਦ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫ਼ਤਾਰ ਕਰਨਾ ਸੀ ਤਾਂ ਉਹ ਆਧੁਨਿਕ ਸੂਚਨਾ ਤਕਨਾਲੋਜੀ ਵਾਲੇ ਸਾਜੋ ਸਮਾਨ ਨਾਲ ਲੈਸ ਹਜ਼ਾਰਾਂ ਦੀ ਗਿਣਤੀ 'ਚ ਦਿਨ ਦਿਹਾੜੇ ਘੇਰਾਬੰਦੀ ਕਰ ਰਹੇ ਪੁਲਸ ਕਰਮੀਆਂ ਦਾ ਘੇਰਾ ਤੋੜਨ 'ਚ ਕਿਵੇਂ ਸਫਲ ਹੋ ਗਿਆ। ਅਜਨਾਲੇ ਵਾਲੀ ਘਟਨਾ ਤੋਂ ਲੰਬਾ ਸਮਾਂ ਬਾਅਦ ਤੱਕ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਕੋਈ ਕਾਰਵਾਈ ਨਾ ਕਰਨਾ ਅਤੇ ਉਸਨੂੰ ਸ਼ਰੇਆਮ ਖੁੱਲ੍ਹਾ ਘੁੰਮਣ ਫਿਰਨ ਅਤੇ ਆਪਣੀਆਂ ਕਾਰਵਾਈਆਂ ਜਾਰੀ ਰੱਖਣ ਦੀ ਇਜਾਜ਼ਤ ਦੇਣਾ ਸਪਸ਼ਟ ਕਰਦਾ ਹੈ ਕਿ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਕੀਤੇ ਗਏ ਪੁਲਸ ਐਕਸ਼ਨ ਦਾ ਮਕਸਦ ਸਿਰਫ ਅੰਮ੍ਰਿਤਪਾਲ ਨੂੰ ਗ੍ਰਿਫ਼ਤਾਰ ਕਰਨਾ ਨਹੀਂ ਹੈ ਬਲਕਿ ਇਸਤੋਂ ਕਿਤੇ ਵੱਡਾ ਹੈ, ਜਿਸ ਵਿੱਚ ਕੇਂਦਰ ਅਤੇ ਪੰਜਾਬ ਸਰਕਾਰ ਦੀ ਮਿਲੀਭੁਗਤ ਨਾਲ ਪੰਜਾਬ ਅਤੇ ਪੰਜਾਬ ਵਾਸੀਆਂ ਦੇ ਹਿੱਤਾਂ ਦਾ ਘਾਣ ਕਰਕੇ ਇਸ ਉੱਪਰ ਸਿਆਸੀ ਰੋਟੀਆਂ ਸੇਕਣ ਦਾ ਗੁੱਝਾ ਮਨਸੂਬਾ ਹੈ। ਧਰਮ ਅਧਾਰਿਤ ਸਿਆਸਤ ਕਰਕੇ ਲੋਕਾਂ ਵਿੱਚ ਫ਼ਿਰਕੂ ਜ਼ਹਿਰ ਦਾ ਪਸਾਰਾ ਕਰਨਾ ਅਤੇ ਇਉਂ ਫ਼ਿਰਕਾਪ੍ਰਸਤੀ ਨੂੰ ਆਪਣੇ ਸਿਆਸੀ ਮਨਸੂਬਿਆਂ ਦੀ ਪੂਰਤੀ ਵਾਸਤੇ ਵਰਤਣ ਦਾ ਕੰਮ ਪਹਿਲਾਂ 1980 ਵਿਆਂ ਦੇ ਦੌਰ ਅੰਦਰ ਹਕੂਮਤੀ ਤੇ ਖਾਲਿਸਤਾਨੀ ਦਹਿਸ਼ਤਗਰਦੀ ਸਮੇਂ ਮੁੱਖ ਤੌਰ ਤੇ ਕਾਂਗਰਸ ਨੇ ਕੀਤਾ ਜਿਸ ਕਰਕੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਨਿਰਦੋਸ਼ ਲੋਕਾਂ ਦੇ ਜਾਨਮਾਲ ਦਾ ਜੋ ਘਾਣ ਹੋਇਆ ਉਸਦੇ ਜ਼ਖਮ ਅਜੇ ਵੀ ਰਿਸ ਰਹੇ ਹਨ। ਅਜਿਹੀ ਹੀ ਲੋਕ ਦੁਸ਼ਮਣ ਸਿਆਸਤ ਰਾਹੀਂ ਬੀਜੇਪੀ ਲੋਕਾਂ ਨੂੰ ਫ਼ਿਰਕੂ ਰਾਸ਼ਟਰਵਾਦ ਦੀ ਪੁੱਠ ਚਾੜ੍ਹਕੇ ਗੁਮਰਾਹ ਕਰਨਾ ਚਾਹੁੰਦੀ ਹੈ ਅਤੇ ਇਉਂ ਅੰਧਰਾਸ਼ਟਰਵਾਦ ਨਾਲ ਡੰਗੇ ਲੋਕਾਂ ਨੂੰ ਵੋਟਾਂ ਚ ਢਾਲ ਕੇ 2024 ਦੀਆਂ ਲੋਕ ਸਭਾ ਚੋਣਾਂ ਜਿੱਤਣ ਅਤੇ ਮੁੜ ਹਕੂਮਤੀ ਕੁਰਸੀ ਉੱਪਰ ਬਿਰਾਜਮਾਨ ਹੋਣ ਦਾ ਸੁਪਨਾ ਵੇਖ ਰਹੀ ਹੈ।

ਉਨ੍ਹਾਂ ਦੇ ਇਨ੍ਹਾਂ ਚੰਦਰੇ ਮਨਸੂਬਿਆਂ 'ਚ ਸਭ ਤੋਂ ਵੱਡੀ ਰੁਕਾਵਟ ਕਿਸਾਨ ਸੰਘਰਸ਼ ਵਰਗੀਆਂ ਧਰਮ ਨਿਰਪੱਖ ਜਮਹੂਰੀ ਲਹਿਰਾਂ ਅਤੇ ਇਨ੍ਹਾਂ ਦੀ ਹਮਾਇਤ ਕਰਨ ਵਾਲੇ ਸਮਾਜਿਕ ਕਾਰਕੁਨ ਹਨ। ਅਜਿਹੀਆਂ ਲੋਕ ਹਿਤੂ ਲਹਿਰਾਂ 'ਤੇ ਹੱਲਾ ਬੋਲਣ ਲਈ ਉਹ ਤਰ੍ਹਾਂ ਤਰ੍ਹਾਂ ਦੀਆਂ ਸਾਜ਼ਿਸ਼ਾਂ ਰਚਦੀਆਂ ਸਨ। ਇਨ੍ਹਾਂ ਨੂੰ ਅੰਦਰੋਂ ਕਮਜ਼ੋਰ ਕਰਨ ਲਈ ਇਨ੍ਹਾਂ ਉੱਪਰ ਧਰਮ ਅਧਾਰਿਤ ਫ਼ਿਰਕਾਪ੍ਰਸਤੀ ਦੀ ਪੁੱਠ ਚਾੜ੍ਹਨਾ ਅਤੇ ਦੁਸ਼ਪ੍ਰਚਾਰ ਰਾਹੀਂ ਇਨ੍ਹਾਂ ਨੂੰ ਬਦਨਾਮ ਕਰਨਾ ਅਤੇ ਇਉਂ ਲੋਕਾਂ ਉੱਪਰ ਝਪਟਣ ਲਈ ਮਾਹੌਲ ਸਿਰਜਣਾ ਲੋਕ ਦੁਸ਼ਮਣ ਹਾਕਮਾਂ ਦਾ ਮਨਭਾਉਂਦਾ ਹਥਿਆਰ ਹੈ।

# 5 ਪਿੰਡਾਂ 'ਚ ਲਗਾਇਆ ਏਡਜ਼-ਐਚ.ਆਈ.ਵੀ ਜਾਂਚ ਅਤੇ ਜਾਗਰੂਕਤਾ ਕੈਂਪ

**ਬਠਿੰਡਾ -ਜਸਵੀਰ ਔਲਖ- -ਰੋਜ਼ਾਨਾ ਸਵੇਰਾ-**

ਸਿਵਲ ਸਰਜਨ,ਫਰੀਦਕੋਟ ਡਾ.ਨਰੇਸ਼ ਕੁਮਾਰ ਬਠਲਾ,ਸਹਾਇਕ ਸਿਵਲ ਸਰਜਨ-ਕਮ-ਜ਼ਿਲ੍ਹਾ ਨੋਡਲ ਅਫਸਰ ਡਾ.ਮਨਦੀਪ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਐਸ.ਐਮ.ਓ ਡਾ.ਰਾਜੀਵ ਭੰਡਾਰੀ ਦੀ ਯੋਗ ਅਗਵਾਈ ਹੇਠ ਬਲਾਕ ਅਧੀਨ 5 ਪਿੰਡਾਂ ਵਿੱਚ ਏਡਜ਼ ਜਾਗਰੂਕਤਾ ਅਤੇ ਜਾਂਚ ਕੈਂਪਾਂ ਦਾ ਆਯੋਜਨ ਕੀਤਾ ਗਿਆ। ਕੈਂਪ ਇਚਾਰਜ ਬੀ.ਈ.ਈ ਡਾ.ਪ੍ਰਭਦੀਪ ਸਿੰਘ ਚਾਵਲਾ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕੇ ਵਿਭਾਗ ਵੱਲੋਂ ਆਡੀਓ-ਵਿਜ਼ੁਅਲ ਸਹੂਲਤਾਂ ਨਾਲ ਲੈਸ ਵਿਸ਼ੇਸ਼ ਜਾਗਰੂਕਤਾ ਵੈਨ ਭੇਜੀ ਗਈ ਹੈ ਅਤੇ ਜਾਂਚ ਟੀਮ 'ਚ ਸ਼ਾਮਲ ਲੈਬ ਟੈਕਨੀਸ਼ਅਨ ਗੁਰਪ੍ਰੀਤ ਸਿੰਘ,ਕੌਂਸਲਰ ਪੂਜਾ,ਰੰਜਨਾ ਅਤੇ ਅਮਨ ਵੱਲੋਂ ਸਬ-ਸੈਂਟਰ ਸਟਾਫ ਅਤੇ ਆਸ਼ਾ ਵਰਕਰਾਂ ਦੇ ਸਹਿਯੋਗ ਨਾਲ ਬਲਾਕ ਦੇ 5 ਪਿੰਡਾਂ ਚੰਦਬਾਜਾ, ਧੂੜਕੋਟ, ਸਿੱਖਾਂਵਾਲਾ,ਭਾਣਾ ਅਤੇ ਚਹਿਲ ਵਿਖੇ 148 ਵਿਅਕਤੀਆਂ, 52 ਪੁਰਸ਼ਾਂ ਅਤੇ 96 ਔਰਤਾਂ ਦਾ ਮੁਫਤ ਏਡਜ਼-ਐਚ.ਆਈ.ਵੀ ਟੈਸਟ ਕੀਤਾ,ਜਿੰਨਾਂ 'ਚ 4 ਵਿਅਕਤੀਆਂ ਦੀ ਰਿਪੋਰਟ ਪਾਜ਼ੀਟਿਵ ਆਈ।

# ਏਡਜ਼ ਤੋਂ ਸਚੇਤ ਕਰਦਾ ਨਾਟਕ ਖੇਡਿਆ



**ਬਠਿੰਡਾ -ਜਸਵੀਰ ਔਲਖ- -ਰੋਜ਼ਾਨਾ ਸਵੇਰਾ-**

ਸਿਵਲ ਸਰਜਨ ਡਾਕਟਰ ਤੇਜਵੰਤ ਸਿੰਘ ਦੀਆਂ ਹਦਾਇਤਾਂ ਅਤੇ ਸੀਨੀਅਰ ਮੈਡੀਕਲ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਸੀਮਾ ਗੁਪਤਾ ਦ ਯੋਗ ਅਗਵਾਈ ਹੇਠ ਸਿਹਤ ਬਲਾਕ ਭਗਤਾ ਭਾਈਕਾ ਵਿਖੇ ਅੱਜ ਦੂਜੇ ਦਿਨ ਪ੍ਰਚਾਰ ਵੈਨ ਵੱਲੋਂ ਵੱਡੀ ਗਿਣਤੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ । ਇਹ ਜਾਗਰੂਕਤਾ ਐਚ.ਆਈ.ਵੀ.ਦੀ ਬਿਮਾਰੀ ਸਬੰਧੀ ਸੀ ।

ਅੱਜ ਸੈਨਟਰੀ ਇੰਨਸਪੈਕਟਰ ਰਾਮ ਗੋਪਾਲ ਸੇਠੀ ਅਤੇ ਜਸਵੀਰ ਸਿੰਘ ਦੀ ਯੋਗ ਅਗਵਾਈ ਹੇਠ ਪਿੰਡ ਭੋਡੀਪੁਰਾ,ਹਾਕਮ ਸਿੰਘ ਵਾਲਾ, ਗੁਰੂਸਰ ਅਤੇ ਜਲਾਲ ਵਿਖੇ ਐਚ.ਆਈ.ਵੀ.ਵੈਨ ਵੱਲੋਂ ਪ੍ਰਚਾਰ ਕੀਤਾ ਗਿਆ ।ਪਿੰਡ ਭੋਡੀਪੁਰਾ ਵਿਖੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਸੈਨਟਰੀ ਇੰਨਸਪੈਕਟਰ ਜਸਵੀਰ ਸਿੰਘ ਨੇ ਕਿਹਾ ਕਿ ਇਸ ਸਮੇਂ ਐਚ.ਆਈ.ਵੀ.ਦੇ ਕੇਸ ਜਿਆਦਾ ਆ ਰਹੇ ਹਨ ।

ਇਸ ਕਾਰਨ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਇਹ ਪ੍ਰਚਾਰ ਵੈਨ ਚਲਾ ਕੇ ਆਮ ਲੋਕਾਂ ਨੂੰ ਬਿਮਾਰੀ ਫੈਲਣ ਦੇ ਕਾਰਨਾਂ,ਬਚਾਅ ਦੇ ਤਰੀਕੇ ਅਤੇ ਬਿਮਾਰੀ ਦੀ ਲਾਗ ਲੱਗਣ ਦੀ ਸੂਰਤ ਵਿੱਚ ਚੰਗਾ ਜੀਵਨ ਜਿਉਣ ਸਬੰਧੀ ਪ੍ਰਚਾਰ ਕੀਤਾ ਜਾ ਰਿਹਾ ਹੈ ।ਅਜਿਹਾ ਹੀ ਪ੍ਰਚਾਰ ਪਿੰਡ ਹਾਕਮ ਸਿੰਘ ਵਾਲਾ, ਪਿੰਡ ਗੁਰੂਸਰ ਅਤੇ ਜਲਾਲ ਵਿਖੇ ਵੀ ਕੀਤਾ ਗਿਆ ।ਇਸ ਮੌਕੇ ਲੈਬਾਰਟਰੀ ਟੈਕਨੀਸ਼ੀਅਨ ਸੁਨੀਤਾ ਵੱਲੋਂ ਪਿੰਡ ਭੋਡੀਪੁਰਾ, ਹਾਕਮ ਸਿੰਘ ਵਾਲਾ, ਗੁਰੂਸਰ ਅਤੇ ਜਲਾਲ ਵਿਖੇ ਕੁੱਲ ਐਚ.ਆਈ.ਵੀ.ਨਾਲ ਸਬੰਧਿਤ 118 ਟੈਸਟ ਕੀਤੇ ਗਏ ਜਦੋਂਕਿ ਲੰਘੇ ਦਿਨ ਇਹ ਟੈਸਟਾਂ ਦੀ ਗਿਣਤੀ ਪੰਜ ਪਿੰਡਾਂ, ਬੁੱਗਰਾਂ,ਰਾਈਆ, ਚੋਟੀਆਂ, ਢਿਪਾਲੀ ਅਤੇ ਹਰਨਾਮ ਸਿੰਘ ਵਾਲਾ ਵਿਖੇ ਇਹ ਟੈਸਟ ਕੀਤੇ ਗਏ ਸਨ, ਜਿਨ੍ਹਾਂ ਦੀ ਕੁੱਲ ਗਿਣਤੀ 92 ਸੀ ।

# ਅਸ਼ੀਰਵਾਦ ਸਕੀਮ ਤਹਿਤ 13409 ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਲਈ 68.38 ਕਰੋੜ ਰੁਪਏ ਦੀ ਰਕਮ ਜਾਰੀ: ਡਾ. ਬਲਜੀਤ ਕੌਰ

**ਮਾਨਸਾ, -ਰੋਜ਼ਾਨਾ ਸਵੇਰਾ-**



ਪੰਜਾਬ ਸਰਕਾਰ ਵੱਲੋਂ ਅਸੀਰਵਾਦ ਸਕੀਮ ਤਹਿਤ ਸੂਬੇ ਵਿੱਚ ਅਨੁਸੂਚਿਤ ਜਾਤੀਆਂ ਦੇ 9804 ਲਾਭਪਾਤਰੀਆਂ, ਪੱਛੜੀਆਂ ਸ੍ਰੇਣੀਆਂ ਤੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਦੇ 3605 ਲਾਭਪਾਤਰੀਆਂ ਕੁੱਲ 13409 ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੇਣ ਲਈ 68.38 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਸੂਬੇ ਵਿੱਚ ਅਸੀਰਵਾਦ ਸਕੀਮ ਤਹਿਤ ਅਨੁਸੂਚਿਤ ਜਾਤੀਆਂ ਦੇ ਮਾਰਚ 2022 ਦੇ 5127 ਬਾਕੀ ਰਹਿੰਦੇ ਲਾਭਪਾਤਰੀਆਂ, ਅਪ੍ਰੈਲ 2022 ਦੇ 3927 ਲਾਭਪਾਤਰੀਆਂ ਅਤੇ ਮਈ 2022 ਦੇ 750 ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੇਣ ਲਈ 50 ਕਰੋੜ ਰੁਪਏ ਅਤੇ ਪੱਛੜੀਆਂ ਸ੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਲਈ ਨਵੰਬਰ 2021 ਦੇ 06 ਲਾਭਪਾਤਰੀ, ਮਾਰਚ 2022 ਦੇ 2192 ਬਾਕੀ ਰਹਿੰਦੇ ਲਾਭਪਾਤਰੀ ਅਤੇ ਅਪ੍ਰੈਲ 2022 ਦੇ 1407 ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਲਈ ਚਾਲੂ ਵਿੱਤੀ ਸਾਲ 2022-23 ਦੌਰਾਨ 18.38 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਆਸ਼ੀਰਵਾਦ ਸਕੀਮ ਤਹਿਤ ਅਨੁਸੂਚਿਤ ਜਾਤੀਆਂ/ਈਸਾਈ ਬਰਾਦਰੀ ਦੀਆਂ ਲੜਕੀਆਂ, ਕਿਸੇ ਵੀ ਜਾਤੀ ਦੀ ਵਿਧਵਾਵਾਂ ਦੀਆਂ ਲੜਕੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਪੱਛੜੇ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਸਮੇਂ ਅਤੇ ਅਨੁਸੂਚਿਤ ਜਾਤੀਆਂ ਦੀਆਂ ਵਿਧਵਾਵਾਂ/ਤਲਾਕਸ਼ੁਦਾ ਔਰਤਾਂ ਨੂੰ ਉਨ੍ਹਾਂ ਦੇ ਮੁੜ ਵਿਆਹ ਸਮੇਂ 51000 ਰੁਪਏ ਦੀ ਵਿੱਤੀ ਸਹਾਇਤਾ ਸ਼ਗਨ ਵਜੋਂ ਦਿੱਤੀ ਜਾਂਦੀ ਹੈ। ਕੈਬਨਿਟ ਮੰਤਰੀ ਨੇ ਸੂਬੇ ਦੇ ਸਮਾਜਿਕ ਨਿਆਂ, ਅਧਿਕਾਰਤਾ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਅਸ਼ੀਰਵਾਦ ਸਕੀਮ ਦੀ ਰਾਸ਼ੀ 51,000 ਰੁਪਏ ਪ੍ਰਤੀ ਲਾਭਪਾਤਰੀ ਦੀ ਅਦਾਇਗੀ ਖਜ਼ਾਨਾ ਦਫਤਰਾਂ ਰਾਹੀਂ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਡੀ.ਬੀ.ਟੀ.ਮੋਡ ਰਾਹੀਂ 31 ਮਾਰਚ ਤੋਂ ਪਹਿਲਾਂ ਕੀਤੀ ਜਾਵੇ।

# ਲੋਕ ਸੰਘਰਸ਼ ਹਜ਼ੂਮ ਕਿਸਾਨ ਯੂਨੀਅਨ ਵਲੋ ਵੀ ਪੇਸ਼ ਕੀਤੇ ਗਏ ਸਰਕਾਰੀ ਬਜ਼ਟ ਦਾ ਡੱਟ ਕੇ ਕੀਤਾ ਗਿਆ



ਪੰਜਾਬੀ ਯੂਨੀਵਰਸਿਟੀ ਕਾਲਜ ਜੈਤੋ ਵਿਖੇ ਲੋਕ ਸੰਘਰਸ਼ ਹਜੂਮ ਕਿਸਾਨ ਯੂਨੀਅਨ ਦੇ ਆਗੂ ਸਰਕਾਰ ਵਲੋਂ ਪੇਸ਼ ਕੀਤੇ ਗਏ ਬਜ਼ਟ ਦਾ ਵਿਰੋਧ ਕਰਦੇ ਹੋਏ।

**ਜੈਤੋਂ, -ਰੋਜ਼ਾਨਾ ਸਵੇਰਾ-**

ਪੰਜਾਬ ਸਰਕਾਰ ਵਲੋਂ ਪੇਸ਼ ਕੀਤੇ ਗਏ ਬਜ਼ਟ ਦਾ ਵਿਦਿਆਰਥੀਆ ਅਤੇ ਯੂਨੀਵਰਸਿਟੀ ਕਾਲਜਾ ਦੇ ਸਟਾਫ ਬਜ਼ਟ ਦੇ ਖਿਲਾਫ ਜੋਰਦਾਰ ਆਵਾਜ਼ ਉਠਾਈ ਜਾ ਰਹੀ ਹੈ। ਕਿਸਾਨ ਜਥੇਬੰਦੀ ਲੋਕ ਸੰਘਰਸ਼ ਹਜੂਮ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਜੀਤ ਸਿੰਘ ਅਜਿੱਤ ਗਿੱਲ ਤੇ ਪ੍ਰੈੱਸ ਸਕੱਤਰ ਭਿੰਦਰ ਸਿੰਘ ਬਰਾੜ ਜੈਤੋ ਵੱਲੋਂ ਵੀ ਪੰਜਾਬੀ ਯੂਨੀਵਰਸਿਟੀ ਦੀ ਹਮਾਇਤ ਚ ਆਪਣੇ ਵਿਚਾਰ ਪੇਸ਼ ਕਰਦੇ ਹੋਏ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਲਾਨਾ ਗ੍ਰਾਂਟ 200 ਕਰੋੜ ਰੁਪਏ ਤੋਂ ਘਟਾ ਕੇ 164 ਕਰੋੜ ਰੁਪਏ ਕਰ ਦੇਣ ਡੀ ਖੂਬ ਨਿੰਦਾ ਕੀਤੀ ਗਈ ਹੈ। ਜਿਸ ਨਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕੰਮਕਾਰ ਨੂੰ ਚਲਾਉਣਾ ਅਸੰਭਵ ਹੋ ਜਾਏਗਾ। ਕਿਉਂਕਿ ਨਵੇ ਤਨਖਾਹ ਸਕੇਲ ਲਾਗੂ ਹੋਣ ਕਰਕੇ ਯੂਨੀਵਰਸਿਟੀ ਦੇ ਸਲਾਨਾ ਖਰਚੇ ਵਿੱਚ ਲਗਭਗ 150 ਕਰੋੜ ਰੁਪਏ ਦਾ ਵਾਧਾ ਹੋ ਗਿਆ ਹੈ, ਜੇਕਰ ਯੂਨੀਵਰਸਿਟੀ ਦੀ ਸਲਾਨਾ ਗ੍ਰਾਂਟ ਚ ਵਾਧਾ ਨਾ ਕੀਤਾ ਤਾਂ ਉਹ ਖਰਚਿਆਂ ਦੀ ਪੂਰਤੀ ਲਈ ਕੋਰਸਾਂ ਦੀਆਂ ਫੀਸਾਂ ਵਿੱਚ ਵਾਧਾ ਕਰਨ ਕਾਰਨ ਲਈ ਮਜ਼ਬੂਰ ਹੋ ਜਾਣਗੇ।ਓਹਨਾ ਕੋਲ ਇਸ ਤੋਂ ਇਲਾਵਾ ਹੋਰ ਕੋਈ ਸਾਧਨ ਨਹੀਂ ਬਚੇਗਾ। , ਜਿਸ ਕਰਕੇ ਪੰਜਾਬ ਦੇ ਗਰੀਬ ਪਰਿਵਾਰਾਂ ਦੇ ਵਿਦਿਆਰਥੀਆਂ ਲਈ ਕੋਰਸ ਕਰਨੇ ਬਹੁਤ ਮੁਸ਼ਕਿਲ ਹੋ ਜਾਣਗੇ।

ਵਿਦਿਆਰਥੀਆਂ ਅਤੇ ਕਿਸਾਨ ਯੂਨੀਅਨ ਦੇ ਆਗੂਆਂ ਨੇ ਮਾਨ ਸਰਕਾਰ ਤੋ ਮੰਗ ਕੀਤੀ ਹੈ ਕਿ ਸਰਕਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਲਾਨਾ ਗ੍ਰਾਂਟ ਚ ਜੋ ਕਟੌਤੀ ਕੀਤੀ ਹੈ, ਉਸ ਨੂੰ ਵਾਪਸ ਲਿਆ ਜਵੇ। ਤਾਂ ਜੋ ਕੋਰਸਾਂ ਦੀਆਂ ਫੀਸਾਂ ਵਿੱਚ ਕੋਈ ਵੀ ਵਾਧਾ ਨਾ ਹੋ ਸਕੇ। ਕਿਸਾਨ ਆਗੂਆ ਨੇ ਅੱਗੇ ਕਿਹਾ ਕਿ ਵਿਦਿਆਰਥੀ ਦੇਸ਼ ਦਾ ਭਵਿੱਖ ਹਨ।ਓਹਨਾ ਨੇ ਵਿੱਦਿਆਰਥੀਆ ਨੂੰ ਸੁਝਾਅ ਦਿੰਦੇ ਹੋਏ ਕਿਹਾ ਕਿ ਉਹ ਆਪਣੀ ਪੜਾਈ ਵਿੱਚ ਰੁਚੀ ਵਧਾਉਣ ਅਤੇ ਵੱਡੀਆਂ ਮੱਲਾਂ ਮਾਰਕੇ ਆਪਣਾ ਅਤੇ ਆਪਣੇ ਮਾਤਾ -ਪਿਤਾ ਦਾ ਨਾਂ ਰੌਸ਼ਨ ਕਰਨ। ਓਹਨਾ ਨੇ ਕਿਹਾ ਕਿ ਪੰਜਾਬ ਵਿੱਚ ਵੱਗ ਰਹੇ ਨਸ਼ੇ ਦੇ ਮਾਰੂ ਦਰਿਆ ਤੋਂ ਬਚ ਕੇ ਰਹਿਣ। ਯੂਨੀਅਨ ਆਗੂਆਂ ਨੇ ਓਹਨਾ ਨੂੰ ਵਿਸ਼ਵਾਸ ਦਿਵਾਉਂਦਿਆਂ ਕਿ ਉਹ ਵਿਦਿਆਰਥੀਆਂ ਨਾਲ ਕਿਸੇ ਵੀ ਪ੍ਰਕਾਰ ਦਾ ਕੋਈ ਵੀ ਧੱਕਾ ਨਹੀਂ ਹੋਣ ਦੇਣਗੇ। ਇਸ ਮੌਕੇ ਤੇ ਕਾਲਜ ਸਟਾਫ ਮੈਂਬਰ ਪ੍ਰੋਫੈਸਰ ਅਮਨਦੀਪ ਸਿੰਘ, ਪ੍ਰੋਫੈਸਰ ਸੁਖਦੀਪ ਸਿੰਘ, ਪ੍ਰੋਫੈਸਰ ਲਖਵਿੰਦਰ ਸਿੰਘ,ਪ੍ਰੋਫੈਸਰ ਅਰਸ਼ਦੀਪ ਸਿੰਘ, ਪ੍ਰੋਫੈਸਰ ਪ੍ਰਗਟ ਸਿੰਘ ਧਾਲੀਵਾਲ , ਪ੍ਰੋਫੈਸਰ ਕੁਲਵਿੰਦਰ ਸਿੰਘ ਅਤੇ ਵਿਦਿਆਰਥੀ ਆਗੂ ਕਰਨ ਨਾਰੰਗ, ਜਤਿਨ, ਮਨੋਜ, ਪਾਲਾ, ਪ੍ਰੀਤੀ, ਸਿਮਰਨ, ਰਮਜੋਤ , ਜੋਤੀ, ਵੀਨਾ, ਅੰਸ਼, ਦੀਪੂ, ਮਿੰਟੂ , ਦਿਲਜੀਤ, ਹੈਰੀ, ਚਯਨ, ਲੋਮਿਸ਼, ਜਸਪ੍ਰੀਤ ਸਿੰਘ, ਲਵਪ੍ਰੀਤ ਸਿੰਘ, ਸੁਖਬੀਰ ਸਿੰਘ ਆਦਿ ਵੀ ਮੌਜੂਦ ਸਨ।

# ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਪਿੰਡ ਡੋਡ ਵੱਲੋਂ ਦਾਖਲਾ ਅਭਿਆਨ ਕੈਂਪ ਲਗਾਇਆ ਗਿਆ

**ਜੈਤੋਂ, -ਰੋਜ਼ਾਨਾ ਸਵੇਰਾ-**



ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ, ਡੋਡ ਵੱਲੋਂ ਦਾਖਲਾ ਅਭਿਆਨ ਆਰੰਭ ਕਰਨ ਦਾ ਇਕ ਦ੍ਰਿਸ਼

ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮੇਨ ਡੋਡ, ਵਿਖੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਅਤੇ ਹਰਜੋਤ ਸਿੰਘ ਬੈਂਸ, ਸਿੱਖਿਆ ਮੰਤਰੀ ਪੰਜਾਬ ਦੇ ਨਿਰਦੇਸ਼ਾ ਅਨੁਸਾਰ ਸੈਸ਼ਨ 2023-24 ਲਈ ਪੰਜਾਬ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਪਰਾਇਮਰੀ ਤੋਂ ਬਾਰ੍ਹਵੀਂ ਜਮਾਤ ਤੱਕ ਦਾਖਲਾ ਮੁਹਿੰਮ ਅਰੰਭ ਕਰਨ ਲਈ ਵੱਡੇ ਪੱਧਰ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਜੈਤੋ ਦਲਬੀਰ ਸਿੰਘ ਰਤਨ ਦੀ ਅਗਵਾਈ ਹੇਠ ਦਾਖ਼ਲਿਆਂ ਲਈ ਮਹਾਂ ਅਭਿਆਨ ਕੈਂਪ ਲਗਾਇਆ ਗਿਆ। ਇਸ ਦਾਖਲਾ ਮੁਹਿੰਮ ਮਹਾਂ - ਅਭਿਆਨ ਕੈਂਪ ਦੌਰਾਨ, ਸਕੂਲ ਮੁਖੀ ਰਣਜੀਤ ਸਿੰਘ ਮੱਲਾ ਵੱਲੋਂ ਪਹੁੰਚੇ ਹੋਏ ਪਿੰਡ ਦੇ ਪਤਵੰਤੇ ਸੱਜਣਾ, ਬੱਚਿਆਂ ਦੇ ਮਾਪਿਆਂ ਨੂੰ ਅਤੇ ਅਧਿਕਾਰੀਆਂ ਨੂੰ ਜੀ ਆਇਆਂ ਕਹਿੰਦੇ ਹੋਏ, ਪੰਜਾਬ ਸਿੱਖਿਆ ਵਿਭਾਗ ਵੱਲੋਂ ਸਰਕਾਰੀ ਸਕੂਲਾਂ ਵਿੱਚ ਸ਼ੁਰੂ ਕੀਤੀ ਗਈ ਦਾਖਲਾ ਮੁਹਿੰਮ ਬਾਰੇ ਵਿਸਤਰਤ ਜਾਣਕਾਰੀ ਦਿੱਤੀ ਗਈ। ਸੈਂਟਰ ਹੈਡ ਟੀਚਰ ਬਾਜਾਖਾਨਾ ਸਰਦਾਰ ਜਸਵੰਤ ਸਿੰਘ ਸੰਧੂ ਅਤੇ ਅਧਿਆਪਕ ਸਰਦਾਰ ਸੁਖਵੰਤ ਸਿੰਘ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਪੰਜਾਬ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਪ੍ਰੀ ਪ੍ਰਾਇਮਰੀ 3 ਤੋਂ 5 ਸਾਲ ਤੱਕ ਉਮਰ ਦੇ ਬੱਚਿਆਂ ਲਈ ਅਤੇ ਪਹਿਲੀ ਜਮਾਤ ਤੋਂ ਬਾਰਵੀਂ ਜਮਾਤ ਤੱਕ ਦੇ ਬੱਚਿਆਂ ਲਈ ਮੁਫ਼ਤ ਦਾਖ਼ਲਾ ਕੀਤਾ ਜਾ ਰਿਹਾ ਹੈ । ਸਕੂਲ ਦੇ ਬੱਚਿਆਂ ਲਈ ਮੁਫ਼ਤ ਕਿਤਾਬਾਂ , ਗਰਮੀ ਅਤੇ ਸਰਦੀ ਦੇ ਮੌਸਮ ਲਈ ਮੁਫ਼ਤ ਸਕੂਲ ਵਰਦੀਆਂ , ਪਹਿਲੀ ਤੋਂ ਅੱਠਵੀਂ ਜਮਾਤ ਤੱਕ ਸਾਰੇ ਬੱਚਿਆਂ ਨੂੰ ਦੁਪਹਿਰ ਦਾ ਪੋਸਟਿਕ ਭੋਜਨ , ਸਿੱਖਿਆ ਦੇ ਨਾਲ-ਨਾਲ ਸਹਿ ਗਤੀਵਿਧੀਆਂ ਜਿਵੇਂ ਕਿ ਹੈ ਆਮ - ਗਿਆਨ ਮੁਕਾਬਲੇ , ਸੁੰਦਰ ਲਿਖਾਈ ਅਤੇ ਪੇਂਟਿੰਗ ਮੁਕਾਬਲੇ , ਜਿਲ੍ਹਾ ਅਤੇ ਰਾਜ ਪੱਧਰੀ ਤੱਕ ਦੀਆਂ ਖੇਡਾਂ ਦੀਆਂ ਪ੍ਰਤੀਯੋਗਿਤਾਵਾਂ , ਪ੍ਰੋਜੈਕਟਰ ਅਤੇ ਕੰਪਿਊਟਰ ਰਾਹੀਂ ਸਿੱਖਿਆ , ਸਭਿਆਚਾਰਕ ਮੁਕਾਬਲੇ ਦੀਆਂ ਸੁਵਿਧਾਵਾਂ ਦਿੱਤੀਆਂ ਜਾ ਰਹੀਆਂ ਹਨ । ਇਸ ਮੌਕੇ ਤੇ 16 ਬੱਚਿਆਂ ਦੇ ਨਵੇਂ ਦਾਖਲੇ ਕੀਤੇ ਗਏ । ਇਸ ਮੌਕੇ ਤੇ ਪਿੰਡ ਡੋਡ ਦੀ ਸਰਪੰਚ ਕੁਲਵੀਰ ਕੌਰ ਦੇ ਪਤੀ ਕੁਲਦੀਪ ਸਿੰਘ ਗਿੱਲ , ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਦਲਬੀਰ ਸਿੰਘ ਰਤਨ , ਸੈਂਟਰ ਹੈਡ ਟੀਚਰ ਜਸਵੰਤ ਸਿੰਘ ਸੰਧੂ , ਸਕੂਲ ਮੁਖੀ ਰਣਜੀਤ ਸਿੰਘ ਮੱਲਾ , ਸਕੂਲ ਭਲਾਈ ਟਰੱਸਟ ਦੇ ਪ੍ਰਧਾਨ ਸ਼ਾਮ ਪ੍ਰਤਾਪ ਸ਼ਰਮਾ , ਸਕੱਤਰ ਜਸਵੀਰ ਸਿੰਘ ਜੱਸਾ ਡੋਡ , ਖਜਾਨਚੀ ਗੁਰਜਿੰਦਰ ਸਿੰਘ ਕਾਮਰੇਡ , ਅਤੇ ਵੱਡੀ ਸੰਖਿਆ ਵਿੱਚ ਬੱਚਿਆਂ ਦੇ ਮਾਪੇ ਹਾਜ਼ਰ ਸਨ।

# ਭਾਜਪਾ ਦੇ ਕੌਮੀ ਪ੍ਰਧਾਨ ਨੱਢਾ ਕਿਹੜੇ ਲੋਕਤੰਤਰ ਦੀਆਂ ਗੱਲਾਂ ਕਰ ਰਹੇ ਹਨ : ਅਸ਼ੋਕ ਸਿੰਗਲਾ

**ਰਾਮਾ ਮੰਡੀ, -ਰੋਜ਼ਾਨਾ ਸਵੇਰਾ-**

ਭਾਜਪਾ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ ਵੱਲੋਂ ਦਿੱਤੇ ਬਿਆਨ ਕਿ ਲੋਕਤੰਤਰ ਵਿੱਚ ਉਹਨਾਂ ਲਈ ਕੋਈ ਥਾਂ ਨਹੀਂ, ਜੋ ਇਸ ਵਿਚ ਭਰੋਸਾ ਨਹੀਂ ਰੱਖਦੇ ਦੀ ਨਿੰਦਾ ਕਰਦੇ ਹੋਏ ਕਾਂਗਰਸ ਦੇ ਸ਼ਹਿਰੀ ਪ੍ਰਧਾਨ ਅਸ਼ੋਕ ਕੁਮਾਰ ਸਿੰਗਲਾ ਨੇ ਕਿਹਾ ਕਿ ਲੋਕ ਸਮਝ ਨਹੀਂ ਸਕੇ ਕਿ ਨੱਢਾ ਸਾਹਿਬ ਕਿਹੜੇ ਲੋਕਤੰਤਰ ਦੀਆਂ ਗੱਲਾਂ ਕਰ ਰਹੇ ਹਨ ਜਦਕਿ ਭਾਰਤ ਵਿਚ ਲੋਕਤੰਤਰ ਇੱਕ ਮਜ਼ਾਕ ਬਣ ਕੇ ਰਹਿ ਗਿਆ ਹੈ। ਉਹਨਾਂ ਕਿਹਾ ਕਿ ਸਰਕਾਰ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੂੰ ਵਿਧਾਨਸਭਾ ਅਤੇ ਲੋਕ ਸਭਾ ਅੰਦਰ ਆਪਣੀ ਗੱਲ ਰੱਖਣ ਦਾ ਮੌਕਾ ਨਹੀਂ ਦਿੱਤਾ ਜਾਂਦਾ, ਜਿਸ ਕਾਰਨ ਉਹਨਾਂ ਨੂੰ ਆਪਣੀ ਗੱਲ ਲੋਕਾਂ ਤੱਕ ਪਹੁੰਚਾਉਣ ਲਈ ਧਰਨੇ ਪ੍ਰਦਰਸ਼ਨਾਂ ਦਾ ਸਹਾਰਾ ਲੈਣਾ ਪੈਂਦਾ ਹੈ ਜਦਕਿ ਧਰਨੇ ਮੁਜ਼ਾਹਰੇ ਚੁਣੇ ਹੋਏ ਨੁਮਾਇੰਦਿਆਂ ਦਾ ਕੰਮ ਨਹੀਂ ਹੈ। ਉਹਨਾਂ ਕਿਹਾ ਕਿਹਾ ਕਿ ਸਰਕਾਰੀ ਏਜੰਸੀਆਂ ਜੋ ਕਿ ਅਪਰਾਧਿਕ ਲੋਕਾਂ ਅਤੇ ਗੈਰਕਾਨੂੰਨੀ ਕਾਰੋਬਾਰ ਕਰਨ ਵਾਲਿਆਂ ਤੇ ਛਾਪੇਮਾਰੀ ਕਰਨ ਲਈ ਨਿਯੁਕਤ ਕੀਤੀਆਂ ਜਾਂਦੀਆਂ ਹਨ ਅੱਜ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੂੰ ਬਦਨਾਮ ਕਰਨ ਲਈ ਉਹਨਾਂ ਦੀ ਖੁੱਲੇਆਮ ਦੁਰਵਰਤੋਂ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਨੱਢਾ ਸਾਹਿਬ ਆਪਣਾ ਇਕ ਵੀ ਫੈਸਲਾ ਅਜਿਹਾ ਗਿਣਾ ਦੇਣ ਜੋ ਲੋਕਾਂ ਦੀ ਸਹਿਮਤੀ ਨਾਲ ਲਾਗੂ ਕੀਤਾ ਗਿਆ ਹੋਵੇ, ਅੱਜ ਅਪਰਾਧਿਕ ਲੋਕ ਜੇਲਾਂ ਵਿੱਚ ਬੈਠੇ ਹੀ ਅਪਰਾਧਿਕ ਘਟਨਾਵਾਂ ਨੂੰ ਅੰਜਾਮ ਦੇ ਰਹੇ ਹਨ।



# ਸ਼ੈਂਪੂ ਨਾਲੋਂ ਜ਼ਿਆਦਾ ਇਹ ਚੀਜ਼ਾਂ ਹਨ ਅਸਰਦਾਰ

ਹਰ ਕੋਈ ਚਾਹੁੰਦਾ ਹੈ ਕਿ ਮੇਰੇ ਵਾਲ਼ ਕੋਮਲ ਤੇ ਮਜ਼ਬੂਤ ਹੋਣ, ਇਸ ਲਈ ਕਈ ਲੋਕ ਮਹਿੰਗੇ ਤੋਂ ਮਹਿੰਗੇ ਸ਼ੈਂਪੂ ਦਾ ਇਸਤੇਮਾਲ ਕਰਦੇ ਹਨ। ਪੁਰਾਣੇ ਸਮਿਆਂ 'ਚ ਲੋਕ ਸ਼ੈਂਪੂ ਨਹੀਂ ਬਲਕਿ ਘਰੇਲੂ ਨੁਸਖ਼ਿਆਂ ਨਾਲ ਆਪਣੇ ਵਾਲ਼ਾਂ ਨੂੰ ਖ਼ੂਬਸੂਰਤ ਬਣਾਉਂਦੇ ਸਨ। ਲੋਕ ਕਾਲੀ ਮਿੱਟੀ ਵਰਗੀਆਂ ਚੀਜ਼ਾਂ ਦਾ ਸੇਵਨ ਕਰਦੇ ਸਨ, ਜਿਸ ਨਾਲ ਵਾਲ਼ਾਂ 'ਚ ਸ਼ਾਈਨਿੰਗ ਆਉਂਦੀ ਸੀ। ਇਨ੍ਹਾਂ ਚੀਜ਼ਾਂ 'ਚ ਵਿਟਾਮਿਨ ਤੇ ਮਿਨਰਲਸ ਪਾਏ ਜਾਂਦੇ ਹਨ। ਜਿਸ ਨਾਲ ਵਾਲ਼ਾਂ ਦਾ ਪੀਐੱਚ ਲੈਵਲ ਬਰਾਬਰ ਹੁੰਦਾ ਹੈ ਤੇ ਵਾਲ਼ ਸੋਹਣੇ ਹੁੰਦੇ ਸਨ।

**ਮੁਲਤਾਨੀ ਮਿੱਟੀ** - ਮੁਲਤਾਨੀ ਮਿੱਟੀ ਚਮੜੀ ਤੇ ਵਾਲ਼ਾਂ ਲਈ ਬਹੁਤ ਹੀ

ਰਸ ਮਿਲਾ ਕੇ ਵਾਲ਼ਾਂ 'ਤੇ ਲਗਾਓ। ਇਸ ਨਾਲ ਵਾਲ਼ਾਂ ਨੂੰ ਕਾਫੀ ਫ਼ਾਇਦਾ ਮਿਲੇਗਾ।

**ਚੌਲਾਂ ਦਾ ਪਾਣੀ** - ਜਾਪਾਨੀ ਔਰਤਾਂ ਦੇ ਵਾਲ਼ ਕਾਫੀ ਚਮਕਦਾਰ ਹੁੰਦੇ ਹਨ।

ਪਾਣੀ ਦਾ ਸੇਵਨ ਕਰਦੀਆਂ ਹਨ। ਇਸ ਦੇ ਸੇਵਨ ਨਾਲ ਵਾਲ਼ਾਂ ਦੀਆਂ ਜੜ੍ਹਾਂ ਦੀ ਚੰਗੀ ਤਰ੍ਹਾਂ ਸਫ਼ਾਈ ਹੋ ਜਾਂਦੀ ਹੈ।

**ਕਾਲੀ ਮਿੱਟੀ** - ਸ਼ਾਈਨਿੰਗ

ਇਸਤੇਮਾਲ ਕਰਨਾ ਚਾਹੀਦਾ ਹੈ। ਇਸ ਨੂੰ ਪਾਣੀ 'ਚ ਮਿਲਾ ਕੇ 2 ਮਿੰਟ ਬਾਅਦ ਵਾਲ਼ਾਂ ਨੂੰ ਧੋ ਲਓ। ਇਸ ਨਾਲ ਵਾਲ਼ਾਂ ਨੂੰ ਕਾਫੀ ਫ਼ਾਇਦਾ ਹੋਵੇਗਾ।

**ਆਂਵਲਾ** - ਜੇ ਅਸੀਂ ਵਾਲ਼ਾਂ ਦੀ ਸ਼ਾਈਨਿੰਗ ਦੀ ਗੱਲ ਕਰੀਏ ਤਾਂ ਆਂਵਲਾ ਵੀ ਬਹੁਤ ਵਧੀਆ ਹੈ। ਆਂਵਲੇ

'ਚ ਰੀਠਾ ਮਿਲਾ ਕੇ ਵਾਲ਼ਾਂ ਦੀਆਂ ਜੜ੍ਹਾਂ 'ਚ ਲਗਾਓ। ਬਾਅਦ 'ਚ ਵਾਲ਼ਾਂ ਨੂੰ ਧੋ ਲਓ ਇਸ ਨਾਲ ਵਾਲ਼ ਝੜਨੇ ਬੰਦ ਹੋ ਜਾਣਗੇ, ਚਮਕ ਆਵੇਗੀ ਤੇ ਮਜ਼ਬੂਤ



# ਮੈਡੀਕਲ ਐਮਰਜੈਂਸੀਆਂ ਨੂੰ ਕਿਵੇਂ ਸੰਭਾਲੀਏ



ਡਾ. ਅਜੀਤ ਐੱਸ.ਪੁਰੀ
93162-20136



ਸਮੇਂ-ਸਮੇਂ 'ਤੇ ਆਉਣ ਵਾਲੇ ਹੜ੍ਹ, ਅੱਗ,ਯੁੱਧ, (ਹਵਾਈ ਹਮਲੇ), ਸੁਨਾਮੀ, ਭੂਚਾਲ, ਮਹਾਂਮਾਰੀ ਅਤੇ ਇੱਥੋਂ ਤਕ ਰੋਜ਼ਾਨਾ ਦੀਆਂ ਮੈਡੀਕਲ ਐਮਰਜੈਂਸੀਆਂ ਨੂੰ ਸੰਭਾਲਣ ਲਈ ਹਰੇਕ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਅਜਿਹੀ ਹਾਲਤ 'ਚ ਕੀ ਕਰਨਾ ਚਾਹੀਦਾ ਹੈ। ਉੱਤਰਾਖੰਡ 'ਚ ਆਈ ਸੁਨਾਮੀ ਅਤੇ ਇਸ ਤਰ੍ਹਾਂ ਦੀਆਂ ਛੋਟੀਆਂ ਵੱਡੀਆਂ ਘਟਨਾਵਾਂ ਜੋ ਕਿ ਭਾਰਤ ਅਤੇ ਹੋਰ ਦੇਸ਼ਾਂ 'ਚ ਹੁੰਦੀਆਂ ਰਹਿੰਦੀਆਂ ਹਨ, ਕੋਈ ਅਸਾਧਾਰਨ ਗੱਲ ਨਹੀਂ ਹੈ। ਇਸ ਤੋਂ ਇਲਾਵਾ ਸੱਟਾਂ ਵੱਜਣਾ, ਹੱਡੀਆਂ ਦਾ ਟੁੱਟਣਾ, ਭੁੱਖਮਰੀ, ਸਰੀਰ ਦਾ ਪਾਣੀ ਖ਼ਤਮ ਹੋ ਜਾਣਾ, ਗੰਦੇ ਪਾਣੀ ਜਾਂ ਰੋਟੀ ਦੁਆਰਾ ਪੇਟ ਦੀਆਂ ਬਿਮਾਰੀਆਂ, ਸੱਪ ਜਾਂ ਪਾਗਲ ਕੁੱਤੇ ਦਾ ਕੱਟਣਾ, ਬਿੱਛੂ ਦਾ ਡੰਗਣਾ, ਆਦਿ ਮੁਸੀਬਤਾਂ ਨੂੰ ਹੋਰ ਵੀ ਵਧਾਉਂਦੇ ਹਨ। ਹਾਰਟ ਅਟੈਕ, ਦੌਰੇ ਪੈਣਾ, ਬੇਹੋਸ਼ੀ ਤੱਤਕਾਲ ਧਿਆਨ ਦੇਣਯੋਗ ਹਨ। ਜਿਸ ਵਿਅਕਤੀ ਨੂੰ ਜ਼ਰੂਰੀ ਐਮਰਜੈਂਸੀ ਚਿਕਿਤਸਾ ਦੀ ਜਾਣਕਾਰੀ ਹੁੰਦੀ ਹੈ ਉਹ ਮਰੀਜ਼ ਦੀ ਜਾਨ ਬਚਾ ਸਕਦਾ ਹੈ ਜਦੋਂ ਤਕ ਉਸ ਨੂੰ ਲੋੜੀਂਦਾ ਇਲਾਜ ਨਹੀਂ ਮਿਲਦਾ। ਇਸ ਲਈ ਹਰੇਕ ਵਿਅਕਤੀ ਨੂੰ ਖ਼ਾਸ ਤੌਰ 'ਤੇ ਸਫ਼ਰ ਉੱਤੇ ਜਾਂਦੇ ਹੋਏ ਆਪਣੇ ਨਾਲ ਜ਼ਰੂਰੀ ਦਵਾਈਆਂ ਤੋਂ ਇਲਾਵਾ ਕੁੱਝ ਹੋਰ ਉਪਕਰਨ ਰੱਖਣ ਦੀ ਲੋੜ ਹੈ।

## ਜ਼ਖ਼ਮ

ਜ਼ਖ਼ਮ ਨੂੰ ਕਿਸੀ ਐਂਟੀਸੈਪਟਿਕ ਲੋਸ਼ਨ ਨਾਲ ਸਾਫ਼ ਕਰਨ ਦੀ ਲੋੜ ਹੈ ਅਤੇ ਜ਼ਖ਼ਮ 'ਚ ਜੇ ਕੋਈ ਬਾਹਰੀ ਪਦਾਰਥ ਹੋਵੇ ਤਾਂ ਬਾਹਰ ਕੱਢਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇ ਗੰਭੀਰ ਰੂਪ 'ਚ ਖ਼ੂਨ ਵਗ ਰਿਹਾ ਹੋਵੇ ਤਾਂ ਉਹ ਅੰਗ ਜਿਵੇਂ ਲੱਤ ਨੂੰ ਉਪਰ ਵੱਲ ਨੂੰ ਉਠਾ ਦਿਓ ਅਤੇ ਕਿਸੇ ਮਜ਼ਬੂਤ ਪੱਟੀ ਨਾਲ ਬੰਨ੍ਹ ਦਿਓ। ਅੱਧੇ ਘੰਟੇ ਤੋਂ ਵੱਧ ਸਮੇਂ ਤਕ ਨਹੀਂ ਬੰਨ੍ਹਣਾ ਚਾਹੀਦਾ ਅਤੇ ਬੰਨ੍ਹਣ ਦੀ ਕਿਰਿਆ ਮੁੱੜ ਦੁਹਰਾਈ ਜਾ ਸਕਦੀ ਹੈ। ਟੈਟਨਸ ਤੋਂ ਬਚਣ ਲਈ ਐਂਟੀ-ਟੈਟਨਸ ਇੰਜੈਕਸ਼ਨ ਦੀ ਲੋੜ ਹੈ। ਐਂਟੀਬਾਇਓਟਿਕਸ ਅਤੇ ਦਰਦ ਨੂੰ ਰੋਕਣ ਵਾਲੀਆਂ ਦਵਾਈਆਂ ਦੀ ਵੀ ਲੋੜ ਪੈਂਦੀ ਹੈ।

## ਸਿਰ, ਛਾਤੀ ਅਤੇ ਪੇਟ ਦੀ ਸੱਟ

ਸਿਰ ਦੀ ਹੱਡੀ, ਪਸਲੀਆਂ ਅਤੇ ਰੀੜ੍ਹ ਦੀ ਹੱਡੀ ਟੁੱਟ ਸਕਦੀ ਹੈ। ਜੇ ਅੰਤੜੀਆਂ ਸੱਟ ਕਾਰਨ, ਢਿੱਡ ਤੋਂ ਬਾਹਰ ਨਿਕਲ ਜਾਣ ਤਾਂ ਉਨ੍ਹਾਂ ਉੱਤੇ ਸਟੈਰਾਲਾਈਜ਼ਡ ਗੌਜ਼ ਅਤੇ ਕੋਟਨ ਰੱਖ ਕੇ ਢਿਲੀ ਪੱਟੀ ਢਿੱਡ ਦੇ ਆਲੇ-ਦੁਆਲੇ ਬੰਨ੍ਹ ਦੇਣੀ ਚਾਹੀਦੀ। ਕਦੇ ਵੀ ਬਾਹਰ ਨਿਕਲੀਆਂ ਅੰਤੜੀਆਂ ਨੂੰ ਜ਼ਬਰਦਸਤੀ ਢਿੱਡ ਦੇ ਅੰਦਰ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।

## ਝੁਲਸਣਾ

ਝੁਲਸਣ ਦੀ ਹਾਲਤ 'ਚ ਮਰੀਜ਼ ਨੂੰ ਸਾਫ਼ ਕੱਪੜੇ 'ਚ ਲਪੇਟ ਦੇਣਾ ਚਾਹੀਦਾ ਹੈ। ਮਾਮੂਲੀ ਝੁਲਸਣ ਦਾ ਜ਼ਖ਼ਮ ਦੀ ਤਰ੍ਹਾਂ ਇਲਾਜ ਕਰਨਾ ਚਾਹੀਦਾ ਹੈ।

## ਬਨਾਉਟੀ ਸਾਹ

ਇਸ ਦੀ ਲੋੜ ਉਸ ਸਮੇਂ ਪੈਂਦੀ ਹੈ ਜਦੋਂ ਮਰੀਜ਼ ਠੀਕ ਤਰ੍ਹਾਂ ਨਾਲ ਸਾਹ ਨਾ ਲੈ ਰਿਹਾ ਹੋਵੇ ਜਿਵੇਂ ਕਿ ਪਾਣੀ 'ਚ ਡੁੱਬਣ ਨਾਲ ਜਾਂ ਦਿਲ ਦਾ ਦੌਰਾ ਪੈਣ ਨਾਲ, ਮਰੀਜ਼ ਨੂੰ ਬਿਨਾਂ ਸਰ੍ਹਾਣੇ ਤੋਂ ਜ਼ਮੀਨ ਉੱਤੇ ਲੰਮਾ ਪਾ ਦਿਓ। ਜਬਾੜਾ ਫੜ ਕੇ ਗਰਦਨ ਨੂੰ ਹੌਲੀ ਜਿਹੀ ਪਿਛਲੇ ਪਾਸੇ ਖਿੱਚੋ। ਫਿਰ ਉਪਰੋਕਤ ਦੱਸੇ ਅਨੁਸਾਰ ਮੂੰਹ ਦੁਆਰਾ ਮੂੰਹ 'ਚ ਸਾਹ ਦਿਉ। ਬੱਚਿਆਂ ਨਾਲ ਅਜਿਹੀ ਅਵਸਥਾ 'ਚ ਨੱਕ ਅਤੇ ਮੂੰਹ 'ਚ ਇੱਕਠੇ ਸਾਹ ਛੱਡੋ, ਜਦ ਕਿ ਵੱਡਿਆਂ 'ਚ ਉਂਗਲਾਂ ਦੀ ਸਹਾਇਤਾ ਨਾਲ ਨੱਕ ਬੰਦ ਕਰ ਦਿਉ।

ਜੇ ਸੰਭਵ ਹੋਵੇ ਤਾਂ ਬਨਾਉਟੀ ਸਾਹ, ਪ੍ਰੋਨ ਪ੍ਰੈਸ਼ਰ ਵਿਧੀ ਨਾਲ ਦਿੱਤਾ ਜਾ ਸਕਦਾ ਹੈ। ਇਸ ਅਵਸਥਾ 'ਚ ਮਰੀਜ਼ ਨੂੰ ਜ਼ਮੀਨ ਵੱਲ ਉਲਟਾ ਕਰ ਕੇ ਲੰਮਾ ਪਾ ਦਿਉ ਜਿਸ ਨਾਲ ਛਾਤੀ ਅਤੇ ਢਿੱਡ ਦਾ ਸੰਪਰਕ ਜ਼ਮੀਨ ਨਾਲ ਹੋ ਜਾਵੇ। ਇਸ ਤਰ੍ਹਾਂ ਜੀਭ ਪਿੱਛੇ ਵੱਲ ਨਹੀਂ ਡਿੱਗਦੀ ਅਤੇ ਹਵਾ ਆਉਣ ਦੇ ਰਸਤੇ 'ਚ ਰੁਕਾਵਟ ਨਹੀਂ ਪੈਂਦੀ। ਵਿਅਕਤੀ ਜ਼ਮੀਨ ਉੱਤੇ ਦੋਵੇਂ ਗੋਡੇ ਮਰੀਜ਼ ਦੇ ਪੱਟਾਂ ਦੇ ਆਲੇ-ਦੁਆਲੇ ਟਿਕਾ ਲਵੇ ਅਤੇ ਆਪਣੀਆਂ ਹਥੇਲੀਆਂ ਨੂੰ ਮਰੀਜ਼ ਦੀ ਛਾਤੀ ਦੇ ਹੇਠਲੇ ਭਾਗ ਉੱਤੇ ਰੱਖ ਦਵੇ। ਬਾਂਹਾਂ ਨੂੰ ਸਿੱਧਾ ਰੱਖ ਕੇ ਛਾਤੀ ਉੱਤੇ ਸਰੀਰ ਦਾ ਭਾਰ ਦੇਵੇ। ਇਹ ਭਾਰ 2 ਸੈਕਿੰਡ ਪਾਵੇ ਅਤੇ ਫਿਰ ਪਿੱਛੇ ਨੂੰ ਹੋ ਜਾਵੇ। ਅਜਿਹਾ ਇਕ ਮਿੰਟ 'ਚ 12-15 ਵਾਰ ਕਰਨਾ ਚਾਹੀਦਾ ਹੈ।

## ਖ਼ਤਰਨਾਕ ਬਿਮਾਰੀਆਂ

ਸ਼ੂਗਰ, ਹਾਈ ਬਲੱਡ ਪ੍ਰੈਸ਼ਰ, ਹਾਈ ਬਲੱਡ ਕੋਲੈਸਟ੍ਰੋਲ, ਯੂਰਿਕ ਐਸਿਡ ਅਤੇ ਥਾਈਰਾਈਡ ਗਲੈਂਡ ਡਿਸਔਡਰਜ਼ ਕੁੱਝ ਸਾਧਾਰਨ ਪਰ ਖ਼ਤਰਨਾਕ ਬਿਮਾਰੀਆਂ ਹਨ।

ਇਨ੍ਹਾਂ ਨੂੰ ਉਚਿਤ ਰੂਪ 'ਚ ਕਾਬੂ ਕਰਨਾ ਜ਼ਰੂਰੀ ਹੈ, ਨਹੀਂ ਤਾਂ ਦਿਲ ਦਾ ਦੌਰਾ, ਸਟਰੋਕ ਅਤੇ ਗੁਰਦੇ ਫੇਲ ਹੋ ਸਕਦੇ ਹਨ ਤੇ ਇਸ ਦੇ ਨਾਲ ਹੋਰ ਵੀ ਕਈ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਹੱਡੀ ਦਾ ਟੁੱਟਣਾ

ਜੇ ਜ਼ਖ਼ਮ ਹੋਵੇ ਤਾਂ ਉਪਰੋਕਤ ਦੱਸੇ ਅਨੁਸਾਰ ਇਲਾਜ ਕਰੋ। ਕੌਲਰ ਦੀ ਹੱਡੀ ਟੁੱਟਣ ਦੀ ਹਾਲਤ 'ਚ ਇਕ ਪੱਟੀ ਕੱਛ ਤੋਂ ਮੋਢੇ ਉਪਰ ਘੁੰਮਾ ਕੇ ਬੰਨ੍ਹੋ। ਦੂਜੇ ਪਾਸੇ ਵੀ ਇਹੀ ਕਿਰਿਆ ਦੁਹਰਾਉਣੀ ਹੈ ਅਤੇ ਦੋਵਾਂ ਨੂੰ ਵੱਖ ਪੱਟੀ ਨਾਲ ਬੰਨ੍ਹ ਦਿਓ। ਉਪਰਲੀ ਬਾਂਹ ਭਾਵ ਕੁਹਣੀ ਦੇ ਉਪਰ ਵਾਲੀ ਹੱਡੀ ਟੁੱਟਣ ਦੀ ਹਾਲਤ 'ਚ ਉਸ ਨੂੰ ਧੜ ਦੇ ਨਾਲ ਕਿਸੇ ਕੱਪੜੇ ਜਾਂ ਪੱਟੀ ਆਦਿ ਨਾਲ ਬੰਨ੍ਹ ਦਿਓ। ਦੂਜੀ ਬਾਂਹ ਨੂੰ ਖੁੱਲ੍ਹਾ ਰੱਖਣਾ ਨਾ ਭੁਲੋ। ਟੁੱਟੀ ਹੋਈ ਬਾਂਹ 'ਤੇ ਗਲਪੱਟੀ ਬੰਨ੍ਹਣੀ ਚਾਹੀਦੀ ਹੈ। ਬਾਂਹ ਦੀ ਥੱਲੇ ਵਾਲੀ ਹੱਡੀ ਭਾਵ ਕੁਹਣੀ ਤੇ ਥੱਲੇ ਵਾਲੀ ਹੱਡੀ ਟੁੱਟਣ 'ਤੇ ਲੱਕੜੀ ਦੀ ਫੱਟੀ ਜਿਸ ਦਾ ਪ੍ਰਯੋਗ ਹੱਡੀ ਨੂੰ ਸਿੱਧਾ ਰੱਖਣ 'ਚ ਕੀਤਾ ਜਾਂਦਾ ਹੈ। ਹੱਡੀ ਦੇ ਅੰਦਰਲੇ ਅਤੇ ਬਾਹਰੀ ਦੋਵੇਂ ਪਾਸੇ ਰੱਖ ਕੇ ਬੰਨ੍ਹ ਦਿਓ। ਇਸ ਤੋਂ ਪਹਿਲਾਂ ਲੱਕੜੀ ਦੀ ਫੱਟੀ ਦੇ ਦੋਵੇਂ ਪਾਸੇ ਰੂੰ ਰੱਖ ਕੇ ਪੱਟੀ ਨਾਲ ਬੰਨ੍ਹ ਦਿਓ। ਗਲਪੱਟੀ ਦਾ ਪ੍ਰਯੋਗ ਕਰਨਾ ਜ਼ਰੂਰੀ ਹੈ। ਲੱਤ ਦੀ ਹੱਡੀ ਟੁੱਟਣ 'ਤੇ ਉਸ ਨੂੰ ਪੱਟੀ ਨਾਲ ਦੂਜੀ ਲੱਤ ਨਾਲ ਬੰਨ੍ਹ ਦਿਓ। ਦਰਦ ਦੂਰ ਕਰਨ ਵਾਲੀਆਂ ਦਵਾਈਆਂ ਦਾ ਇਸਤੇਮਾਲ ਕਰਨਾ ਪੈਂਦਾ ਹੈ।

## ਦਿਲ ਨੂੰ ਮੁੜ ਜੀਵਤ ਕਰਨਾ



ਦਿਲ ਦੇ ਕੰਮ ਨਾ ਕਰਨ ਦੀ ਹਾਲਤ 'ਚ ਇਸ ਨੂੰ ਬਾਹਰੀ ਦਬਾਅ ਨਾਲ ਜੀਵਤ ਕੀਤਾ ਜਾ ਸਕਦਾ ਹੈ। ਇਸ 'ਚ ਨਬਜ਼ ਬੰਦ ਹੋ ਜਾਂਦੀ ਹੈ ਜਾਂ ਇੰਨੀ ਘੱਟ ਹੋ ਜਾਂਦੀ ਹੈ ਕਿ ਉਸ ਨੂੰ ਮੁਸ਼ਕਿਲ ਨਾਲ ਮਹਿਸੂਸ ਕੀਤਾ ਜਾ ਸਕਦਾ ਹੈ। ਮਰੀਜ਼ ਔਖੇ ਸਾਹ ਲੈਂਦਾ ਹੈ ਜਾਂ ਸਾਹ ਵੀ ਰੁਕ ਜਾਂਦਾ ਹੈ। ਅਜਿਹੀ ਹਾਲਤ ਜ਼ਿਆਦਾਤਰ ਪਹਿਲਾਂ ਤੋਂ ਹੀ ਬਿਮਾਰ ਜਾਂ ਅਜਿਹੇ ਵਿਅਕਤੀ ਨੂੰ ਹੁੰਦੀ ਹੈ, ਜਿਸ ਨੂੰ ਵੱਡੇ ਪੱਧਰ 'ਤੇ ਦਿਲ ਦਾ ਦੌਰਾ ਪੈ ਗਿਆ ਹੋਵੇ। ਦਿਲ ਨੂੰ 3-4 ਮਿੰਟਾਂ 'ਚ ਹੀ ਮੁੜ ਜੀਵਤ ਕੀਤਾ ਜਾ ਸਕਦਾ ਹੈ। ਮਰੀਜ਼ ਨੂੰ ਜ਼ਮੀਨ ਉੱਤੇ ਇਸ ਤਰ੍ਹਾਂ ਲੰਮਾ ਪਾ ਦਿਓ ਜਿਸ ਨਾਲ ਉਸ ਦੀ ਪਿੱਠ ਜ਼ਮੀਨ ਨਾਲ ਲੱਗ ਜਾਵੇ।

ਮਰੀਜ਼ ਦੀ ਗਰਦਨ ਪਿੱਛੇ ਵੱਲ ਨੂੰ ਖਿੱਚੋ ਅਤੇ ਲੱਤਾਂ ਉਪਰ ਨੂੰ ਚੁੱਕੋ। ਸਿਰ ਦੇ ਹੇਠਾ ਕੋਈ ਸਰ੍ਹਾਣਾ ਆਦਿ ਦੇਣ ਦੀ ਲੋੜ ਨਹੀਂ। ਇਕ ਵਿਅਕਤੀ ਆਪਣੀ ਹਥੇਲੀ ਨੂੰ ਮਰੀਜ਼ ਦੇ ਸੀਨੇ ਦੀ ਹੱਡੀ ਉੱਤੇ ਰੱਖਦਾ ਹੈ ਅਤੇ ਉਹੀ ਵਿਅਕਤੀ ਆਪਣੀ ਹਥੇਲੀ ਨੂੰ ਪਹਿਲੀ ਹਥੇਲੀ ਉੱਤੇ ਰੱਖਦਾ ਹੈ। ਹੁਣ ਦੋਵੇਂ ਹਥੇਲੀਆਂ ਦੀ ਸਹਾਇਤਾ ਨਾਲ ਸੀਨੇ ਦੀ ਹੱਡੀ ਨੂੰ ਪਿੱਛੇ ਵੱਲ ਨੂੰ ਤਕਰੀਬਨ 80 ਵਾਰ ਇਕ ਮਿੰਟ ਵਿਚੋ ਕਰੋ। ਅਜਿਹਾ ਦਬਾਓ 4-5 ਸੈਂਟੀਮੀਟਰ ਤੋਂ ਵੱਧ ਨਹੀਂ ਹੋਣਾ ਚਾਹੀਦਾ। ਵਿਅਕਤੀ ਆਪਣੇ ਮੂੰਹ ਦੁਆਰਾ ਮਰੀਜ਼ ਦੇ ਮੂੰਹ 'ਚ ਲਗਕਸਾਂਹ ਛੱਡ ਸਕਦਾ ਹੈ। ਇਸ ਦੌਰਾਨ ਮਰੀਜ਼ ਦਾ ਨੱਕ ਬੰਦ ਕਰਨਾ ਚਾਹੀਦਾ ਹੈ ਨਹੀਂ ਤਾਂ ਮਰੀਜ਼ ਦੇ ਮੂੰਹ 'ਚ ਛੱਡੀ ਹੋਈ ਹਵਾ ਨੱਕ ਰਾਹੀ ਬਾਹਰ ਨਿਕਲ ਜਾਵੇਗੀ। ਪੰਜ ਵਾਰ ਛਾਤੀ ਨੂੰ ਦਬਾਓ ਪਾਉਣ 'ਤੇ ਇਕ ਵਾਰ ਮੂੰਹ ਨਾਲ ਸਾਹ ਛੱਡਣਾ ਚਾਹੀਦਾ ਹੈ।

## ਸੱਪ ਜਾਂ ਪਾਗਲ ਕੁੱਤੇ ਦਾ ਕੱਟਣਾ, ਬਿੱਛੂ ਦਾ ਡੰਗ

*ਅਜਿਹੀਆਂ ਸਾਰੀਆਂ ਅਵਸਥਾਵਾਂ 'ਚ ਜ਼ਖ਼ਮ ਦੀ ਦੇਖਭਾਲ ਜ਼ਰੂਰੀ ਹੈ। ਜੇ ਸੱਪ ਕੱਟ ਜਾਵੇ ਤਾਂ ਨਿਸ਼ਚਿਤ ਸਮੇਂ ਲਈ ਖ਼ੂਨ ਦੇ ਵਹਾ ਨੂੰ ਰੋਕਣ ਲਈ ਪੱਟੀ ਬੰਨ੍ਹ ਦੇਣੀ ਚਾਹੀਦੀ ਹੈ। ਇਹ ਦੱਸਣ ਯੋਗ ਹੈ ਕਿ ਸੱਪ, ਪਾਗਲ ਕੁੱਤੇ ਜਾਂ ਬਿੱਛੂ ਦੇ ਡੰਗ ਦੀ ਜ਼ਹਿਰ ਖ਼ਤਮ ਕਰਨ ਦੇ ਟੀਕੇ ਆਮ ਮਿਲਦੇ ਹਨ। ਸਾਰੇ ਸੱਪ, ਬਿੱਛੂ ਜ਼ਹਿਰੀਲੇ ਨਹੀਂ ਹੁੰਦੇ। ਬਿੱਛੂ ਦਾ ਡੰਗ ਸਭ ਤੋਂ ਖਤਰਨਾਕ ਹੁੰਦਾ ਹੈ ਅਤੇ ਕੱਟੇ ਜਾਣ ਦੇ ਕੁੱਝ ਮਿੰਟਾਂ ਤੋਂ ਲੈ ਕੇ 24 ਘੰਟੇ ਦੇ ਅੰਦਰ-ਅੰਦਰ ਮੌਤ ਹੋ ਸਕਦੀ ਹੈ।*

# ਹਲਦੀ ਵਾਲਾ ਨਿੰਬੂ ਪਾਣੀ ਸਿਹਤ ਲਈ ਗੁਣਕਾਰੀ

ਗਰਮੀ ਦੇ ਮੌਸਮ 'ਚ ਤੰਦਰੁਸਤ ਰਹਿਣ ਲਈ ਨਿੰਬੂ ਪਾਣੀ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ। ਨਿੰਬੂ ਪਾਣੀ ਨਾ ਸਿਰਫ਼ ਸਾਨੂੰ ਡੀਹਾਈਡ੍ਰੇਸ਼ਨ ਤੋਂ ਹੀ ਨਹੀਂ ਬਚਾਉਂਦਾ ਬਲਕਿ ਸਾਡੇ ਸਰੀਰ ਦੇ ਬਹੁਤ ਸਾਰੇ ਇਸ ਤਰ੍ਹਾਂ ਦੇ ਪਦਾਰਥਾਂ ਨੂੰ ਬਾਹਰ ਕੱਢਦਾ ਹੈ ਜੋ ਸਾਡੇ ਸਰੀਰ ਲਈ ਹਾਨੀਕਾਰਕ ਹੁੰਦੇ ਹਨ। ਵੈਸੇ ਤਾਂ ਨਿੰਬੂ ਪਾਣੀ ਆਪਣੇ ਆਪ 'ਚ ਹੀ ਕਾਫ਼ੀ ਹੈ ਪਰ ਜੇ ਨਿੰਬੂ ਪਾਣੀ 'ਚ ਹਲਦੀ ਮਿਲਾ ਕੇ ਪੀਤਾ ਜਾਵੇ ਤਾਂ ਇਸ ਦੇ ਬਹੁਤ ਸਾਰੇ ਫ਼ਾਇਦੇ ਹਨ।

## ਖਾਂਸੀ ਤੇ ਸਰਦੀ ਤੋਂ ਰਾਹਤ

ਹਾਲਾਂਕਿ ਨਿੰਬੂ ਪਾਣੀ ਠੰਢਕ ਦੇਣ ਲਈ ਜਾਣਿਆ ਜਾਂਦਾ ਹੈ ਪਰ ਜੇ ਇਸ 'ਚ ਹਲਦੀ ਮਿਲਾ ਕੇ ਪੀਤਾ ਜਾਵੇ ਤਾਂ ਖਾਂਸੀ ਤੋਂ ਛੁਟਕਾਰਾ ਪਾਇਆ ਜਾਂਦਾ ਹੈ।

## ਮੋਟਾਪਾ

ਜੇ ਭਾਰ ਘੱਟ ਕਰਨ ਦੀ ਕੋਸ਼ਿਸ਼ ਕਰ ਰਹੇ ਹੋ ਤਾਂ ਨਿੰਬੂ ਪਾਣੀ 'ਚ ਹਲਦੀ ਪਾ ਕੇ ਪੀਓ ਇਸ ਨਾਲ ਭਾਰ ਘੱਟ ਹੋ ਜਾਵੇਗਾ।

## ਕਿਡਨੀ ਤੇ ਲਿਵਰ

ਜੇ ਤੁਹਾਨੂੰ ਕਿਡਨੀ ਜਾਂ ਲਿਵਰ ਸਬੰਧੀ ਕੋਈ ਪਰੇਸ਼ਾਨੀ ਹੈ ਤਾਂ ਨਿੰਬੂ ਪਾਣੀ 'ਚ ਹਲਦੀ ਦਾ ਸੇਵਨ ਕਰਨਾ ਚਾਹੀਦਾ ਹੈ ਇਸ ਦੇ ਸੇਵਨ ਨਾਲ ਛੁਟਕਾਰਾ ਪਾਇਆ ਜਾ ਸਕਦਾ ਹੈ।

## ਪਾਚਨ ਸ਼ਕਤੀ

ਹਲਦੀ ਵਾਲੇ ਨਿੰਬੂ ਪਾਣੀ ਨਾਲ ਪਾਚਨ ਸ਼ਕਤੀ ਠੀਕ ਹੋ ਜਾਂਦੀ ਹੈ। ਕਈ ਵਾਰ ਜਦੋਂ ਅਸੀਂ ਕੁੱਝ ਖਾਂਦੇ ਹਾਂ ਤਾਂ ਪਚਦਾ ਨਹੀਂ ਉਸ ਸਥਿਤੀ 'ਚ ਇਸ ਪਾਣੀ ਦਾ ਸੇਵਨ ਕਰਨਾ ਚਾਹੀਦਾ ਹੈ।

## ਦਿਲ ਰਹੇ ਤੰਦਰੁਸਤ

ਜਿਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਦਿਲ ਦੀਆਂ ਬਿਮਾਰੀਆਂ ਆਮ ਹੁੰਦੀਆਂ ਜਾ ਰਹੀਆਂ ਹਨ। ਹਲਦੀ ਵਾਲਾ ਨਿੰਬੂ ਪਾਣੀ-ਪੀਣ ਨਾਲ ਦਿਲ ਤੰਦਰੁਸਤ ਰਹਿੰਦਾ ਹੈ ਤੇ ਦਿਲ ਸੰਬੰਧੀ ਹੋਰ ਵੀ ਕਈ ਬਿਮਾਰੀਆਂ ਨੂੰ ਰਾਹਤ ਮਿਲਦੀ ਹੈ।

## ਪਿਸ਼ਾਬ ਸਬੰਧੀ ਤਕਲੀਫ਼ਾਂ

ਹਲਦੀ ਵਾਲੇ ਨਿੰਬੂ ਪਾਣੀ ਨਾਲ ਪਿਸ਼ਾਬ ਸਬੰਧੀ ਸਾਰੀਆਂ ਹੀ ਸਮੱਸਿਆਵਾਂ ਦੂਰ ਹੋ ਜਾਂਦੀਆਂ ਹਨ। ਇਸ ਲਈ ਗਰਮੀ ਦੇ ਦਿਨਾਂ 'ਚ ਇਸ ਪਾਣੀ ਦਾ 3 ਵਾਰ ਸੇਵਨ ਕਰ ਲੈਣਾ ਚਾਹੀਦਾ ਹੈ।

## ਜੋੜਾਂ ਦਾ ਦਰਦ

ਜੋੜਾਂ ਦੇ ਦਰਦ ਤੋਂ ਰਾਹਤ ਪਾਉਣ ਲਈ ਹਲਦੀ ਵਾਲੇ ਪਾਣੀ ਦਾ ਸੇਵਨ ਕਰੋਂ ਇਹ ਹੱਡੀਆਂ ਨੂੰ ਮਜ਼ਬੂਤ ਕਰਦਾ ਹੈ।

## ਕਮਜ਼ੋਰੀ ਕਰੇ ਦੂਰ

ਜੇ ਤੁਹਾਨੂੰ ਬਹੁਤ ਜ਼ਿਆਦਾ ਕਮਜ਼ੋਰੀ ਮਹਿਸੂਸ ਹੋ ਰਹੀ ਹੈ ਤਾਂ ਹਲਦੀ ਵਾਲਾ ਨਿੰਬੂ ਪਾਣੀ-ਪੀਣ ਨਾਲ ਐਨਰਜੀ ਮਿਲ ਸਕਦੀ ਹੈ। ਇਸ ਦਾ ਸੇਵਨ ਕਰਨਾ ਬਹੁਤ ਜ਼ਰੂਰੀ ਹੈ।

# ਨਾੜਾਂ ਦੀ ਸੋਜ਼ਿਸ਼ ਦੇ ਮੁੱਖ ਕਾਰਨ

ਜ਼ਿਆਦਾ ਵਿਅਸਥ ਹੋਣ ਦੇ ਕਾਰਨ ਲੋਕ ਆਪਣੇ-ਆਪ ਦਾ ਧਿਆਨ ਨਹੀਂ ਰੱਖਦੇ। ਜਿਸ ਤਰ੍ਹਾਂ ਅਸੀਂ ਜਾਣਦੇ ਹਾਂ ਕਿ ਅੱਜਕੱਲ੍ਹ ਹੱਥਾਂ-ਪੈਰਾਂ 'ਚ ਸੋਜ ਹੋਣੀ ਬਹੁਤ ਆਮ ਜਿਹੀ ਗੱਲ ਹੈ। ਜ਼ਿਆਦਾਤਰ ਲੋਕ ਇਸ ਪਰੇਸ਼ਾਨੀ ਨਾਲ ਜੂਝ ਰਹੇ ਹਨ। ਇਸ ਪਰੇਸ਼ਾਨੀ ਨੂੰ ਵੇਰੀਕੋਜ ਵੇਨਸ ਕਹਿੰਦੇ ਹਨ। ਇਹ ਸਮੱਸਿਆ ਜ਼ਿਆਦਾ ਪੈਰਾਂ 'ਚ ਦੇਖੀ ਜਾਂਦੀ ਹੈ। ਇਸ ਦਾ ਖ਼ਾਸ ਕਾਰਨ ਗ਼ਲਤ ਖਾਣ-ਪੀਣ ਤੇ ਲਗਾਤਾਰ ਖੜ੍ਹੇ ਜਾਂ ਬੈਠੇ ਰਹਿਣਾ ਹੈ। ਇਸ ਸਮੱਸਿਆ ਦੇ ਹੋਣ 'ਤੇ ਪੈਰਾਂ ਦੀਆਂ ਨਾੜਾਂ ਫੁਲ ਜਾਂਦੀਆਂ ਹਨ ਤੇ ਬਾਹਰ ਵੱਲ ਨੂੰ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ ਜਿਸ ਕਰਕੇ ਬਲੱਡ ਪ੍ਰੈਸ਼ਰ 'ਚ ਪਰੇਸ਼ਾਨੀ ਆਉਣ ਲੱਗਦੀ ਹੈ ਤੇ ਖ਼ੂਨ ਸਹੀ ਤਰੀਕੇ ਨਾਲ ਦਿਲ ਤਕ ਨਹੀਂ ਪਹੁੰਚ ਪਾਉਂਦਾ।

## ਜ਼ਿਆਦਾ ਦੇਰ ਬੈਠਣਾ

ਜ਼ਿਆਦੀ ਦੇਰ ਤਕ ਬੈਠੇ ਰਹਿਣ ਨਾਲ ਵੀ ਖ਼ੂਨ ਦਾ ਸੰਚਾਰ ਰੁਕਣ ਲੱਗਦਾ ਹੈ। ਜਿਸ ਕਰਕੇ ਵੇਰੀਕੋਜ ਵੇਨਸ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਤੁਰਨਾ-ਫਿਰਨਾ ਬਹੁਤ ਹੀ ਜ਼ਰੂਰੀ ਹੈ।





## ਲਗਾਤਾਰ ਖੜ੍ਹੇ ਰਹਿਣਾ

ਇਸ ਪਰੇਸ਼ਾਨੀ ਨੂੰ ਉਨ੍ਹਾਂ ਲੋਕਾਂ 'ਚ ਜ਼ਿਆਦਾ ਦੇਖਿਆ ਜਾਂਦਾ ਹੈ ਜੋ ਇਕ ਹੀ ਥਾਂ 'ਤੇ ਖੜ੍ਹੇ ਰਹਿੰਦੇ ਹਨ। ਲਗਾਤਾਰ ਖੜ੍ਹੇ ਰਹਿਣ ਨਾਲ ਨਾੜਾਂ 'ਤੇ ਦਬਾਅ ਪੈਣ ਲੱਗਦਾ ਹੈ ਤੇ ਖ਼ੂਨ ਇਕ ਹੀ ਥਾਂ ਰੁਕ ਜਾਂਦਾ ਹੈ। ਇਸ ਤੋਂ ਰਾਤ ਪਾਉਣ ਲਈ ਵਿਚ-ਵਿਚ ਤੁਰਨਾ ਜਾਂ ਬੈਠਣਾ ਚਾਹੀਦਾ ਹੈ।

## ਨਮਕ ਦੀ ਜ਼ਿਆਦਾ ਵਰਤੋਂ ਕਰਨਾ

ਨਮਕ ਦਾ ਜ਼ਿਆਦਾ ਸੇਵਨ ਕਰਨ ਨਾਲ ਵੀ ਇਸ ਸਮੱਸਿਆ ਦਾ ਖ਼ਤਰਾ ਬਣਿਆ ਰਹਿੰਦਾ ਹੈ। ਨਮਕ ਜ਼ਿਆਦਾ ਖਾਣ ਨਾਲ ਬਲੱਡ ਪ੍ਰੈਸ਼ਰ ਵੱਧ ਜਾਂਦਾ ਹੈ। ਇਸ ਦੇ ਪ੍ਰੈਸ਼ਰ ਨੂੰ ਕੰਟਰੋਲ ਕਰਨ ਲਈ ਨਾੜਾਂ ਨੂੰ ਫੈਲਣਾ ਪੈਂਦਾ ਹੈ। ਜਿਸ ਕਰਕੇ ਇਹ ਸਮੱਸਿਆ ਵੱਧ ਜਾਂਦੀ ਹੈ।

## ਪੈਰਾਂ 'ਤੇ ਭਾਰ ਜਾਂ ਪੈਰ ਮੋੜ ਕੇ ਬੈਠਣਾ

ਪੈਰ ਮੋੜ ਕੇ ਜਾਂ ਪੈਰਾਂ 'ਤੇ ਭਾਰ ਪਾਉਣ ਨਾਲ ਵੀ ਬਲੱਡ ਸਰਕੂਲੇਸ਼ਨ ਘੱਟ ਹੋ ਜਾਂਦਾ ਹੈ, ਇਕ ਹੀ ਸਥਿਤੀ 'ਚ ਨਾ ਬੈਠੋ।

# ਕਸਰਤ ਦੇ ਨਾਲ-ਨਾਲ ਵਰਤੋ ਸਾਵਧਾਨੀ

ਕਸਰਤ ਕਰਨ ਦਾ ਸਮਾਂ ਨਹੀਂ ਪਰ ਸਾਡੀ ਦਾਦੀ-ਨਾਨੀ ਘਰ ਦਾ ਕੰਮ ਬਹੁਤ ਕਰ ਲੈਂਦੇ ਸੀ ਤੇ ਅੱਜਕੱਲ੍ਹ ਘਰਾਂ 'ਚ ਇਸ ਤਰ੍ਹਾਂ ਦੀਆਂ ਮਸ਼ੀਨਾਂ ਆ ਗਈਆਂ ਹਨ। ਜਿਸ ਕਰਕੇ ਮਿਹਨਤ ਕੀਤੇ ਬਿਨਾਂ ਹੀ ਮਿੰਟਾਂ 'ਚ ਕੰਮ ਹੋ ਜਾਂਦੇ ਹਨ। ਅਸੀਂ ਪੈਦਲ ਤੁਰਨਾ ਬਿਲਕੁਲ ਹੀ ਛੱਡ ਦਿੱਤਾ ਹੈ। ਘਰ ਦੇ ਹਰ ਮੈਂਬਰਾਂ ਕੋਲ ਮੋਟਰਸਾਈਕਲ ਜਾਂ ਸਕੂਟਰ ਹੈ। ਪਰਿਵਾਰ ਦੇ ਕਿਸੇ ਮੈਂਬਰ ਨੇ ਥੋੜ੍ਹੀ ਦੂਰ ਵੀ ਜਾਣਾ ਹੋਵੇ ਤਾਂ ਉਹ ਮੋਟਰਸਾਈਕਲ ਜਾਂ ਸਕੂਟਰ 'ਤੇ ਜਾ ਕੇ ਆਪਣਾ ਕੰਮ ਪੂਰਾ ਕਰਦਾ ਹੈ ਪਰ ਇਸ ਲਾਈਫ਼ ਸਟਾਈਲ ਦੀ ਵਜ੍ਹਾ ਨਾਲ ਅਸੀਂ ਮੋਟਾਪੇ ਤੇ ਆਲਸ ਦਾ ਸ਼ਿਕਾਰ ਹੋ ਰਹੇ ਹਾਂ। ਇਸ ਦੇ ਚਲਦੇ ਹੀ ਦਿਲ ਦਾ ਰੋਗ, ਡਾਇਬਟੀਜ਼, ਹਾਈ ਬਲੱਡ ਪ੍ਰੈਸ਼ਰ, ਕਿਡਨੀ ਰੋਗ, ਕਮਰਦਰਦ ਆਦਿ ਰੋਗਾਂ ਨਾਲ ਲੋਕ ਆਮ ਜੂਝ ਰਹੇ ਹਨ। ਹੁਣ ਲੋਕ ਦੇਰ ਨਾਲ ਸੌਂਦੇ ਹਨ ਤੇ ਦੇਰ ਨਾਲ ਉੱਠਦੇ ਹਨ। ਕੰਮ ਕਰਨ ਵਾਲਿਆਂ ਕੋਲ ਇਕ ਹੀ ਬਹਾਨਾ ਹੈ ਕਿ ਸਮਾਂ ਨਹੀਂ ਤੇ ਕਸਰਤ ਕਦੋਂ ਕਰੀਏ। ਆਪਣੇ ਲਈ ਸਮਾਂ ਕੱਢਣਾ ਚਾਹੀਦਾ ਹੈ ਜੇ ਅਸੀਂ ਆਪਣੇ ਆਪ ਲਈ ਨਹੀਂ ਸਮਾਂ ਕੱਢ ਸਕਦੇ ਤਾਂ ਅਸੀਂ ਘਰ ਦਜੇ ਦੂਸਰੇ ਮੈਬਰਾਂ ਦਾ ਕਿਸ ਤਰ੍ਹਾਂ ਧਿਆਨ ਰੱਖਾਂਗੇ। ਕਸਰਤ ਕਰਨ ਨਾਲ ਕਈ ਰੋਗਾਂ ਤੋਂ ਬਚਾਇਆ ਜਾ ਸਕਦਾ ਹੈ। ਇਸ ਦੇ ਲਈ ਜ਼ਰੂਰੀ ਹੈ ਕਿ ਤੁਸੀ ਆਪਣੇ-ਆਪ ਲਈ ਰੋਜ਼ 30 ਮਿੰਟ ਕੱਢੋ। ਪੈਦਲ ਚੱਲੋ ਜਾਂ ਕੋਈ ਕਸਰਤ ਕਰੋ ਜਿਸ ਨਾਲ ਭਾਰ ਕੰਟਰੋਲ 'ਚ ਰਹੇ ਤੇ ਬਿਮਾਰੀਆਂ ਤੋਂ ਛੁਟਕਾਰਾ ਪਾਇਆ ਜਾ ਸਕੇ। ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ ਇਸ ਤਰ੍ਹਾਂ ਦੀ ਕਸਰਤ ਨਾ ਕਰਨ ਜਿਸ ਨਾਲ ਸਾਹ ਫੁਲੇ ਜਿਵੇਂ ਪੌੜੀਆਂ ਚੜ੍ਹਨਾ, ਰੱਸੀ ਟਪਣਾ ਆਦਿ। ਮੋਟਾਪੇ ਵਾਲੇ ਲੋਕਾਂ ਨੂੰ ਇਕ ਘੰਟੇ ਦੀ ਕਸਰਤ ਕਰਨੀ ਚਾਹੀਦੀ ਹੈ। ਜੇ ਕਿਸੇ ਆਦਮੀ ਦੇ ਗੋਡੇ 'ਚ ਦਰਦ ਹੈ ਜਾਂ ਡਾਇਬਟੀਜ਼ ਦੀ ਵਜ੍ਹਾ ਨਾਲ ਰੀੜ੍ਹ ਦੀ ਹੱਡੀ 'ਚ ਕੋਈ ਦਿੱਕਤ ਹੈ ਤੇ ਇਸ ਤਰ੍ਹਾਂ ਦੇ ਲੋਕਾਂ ਨੂੰ ਸਾਈਕਲਿੰਗ ਤੇ ਸਵੀਮਿੰਗ ਤੋਂ ਦੂਰ ਰਹਿਣਾ ਚਾਹੀਦਾ ਹੈ। ਜੋ ਗੋਡਿਆਂ ਦੇ ਦਰਦ ਤੋਂ ਪਰੇਸ਼ਾਨ ਹਨ ਤਾਂ ਉਨ੍ਹਾਂ ਨੂੰ ਪੌੜੀਆਂ ਦਾ ਇਸਤੇਮਾਲ ਨਹੀਂ ਕਰਨਾ ਚਾਹੀਦਾ।

## ਚੰਗੀਆਂ ਆਦਤਾਂ ਪਾਓ

ਚੰਗੀਆਂ ਆਦਤਾਂ ਨੂੰ ਪਾ ਕੇ ਅਨੇਕਾਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਇਸ ਦੇ ਲਈ ਇਨ੍ਹਾਂ ਗੱਲਾਂ ਦਾ ਪਰਹੇਜ਼ ਕਰਨਾ ਚਾਹੀਦਾ ਹੈ ਕਿ ਨਸ਼ਾ ਨਾ ਕਰੋ, ਲੋੜ ਤੋਂ ਜ਼ਿਆਦਾ ਨਾ ਖਾਓ, ਸੁੰਤਲਿਤ ਤੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਭੋਜਨ ਹੀ ਕਰੋ।




ਡਾ. ਹਰਿੰਦਰਪਾਲ ਸਿੰਘ

**ਅਮਰੂਦ 'ਚ ਸੰਤਰੇ, ਕਿੰਨੂੰ, ਟਮਾਟਰ ਅਤੇ ਨਿੰਬੂ ਨਾਲੋਂ ਜ਼ਿਆਦਾ ਮਾਤਰਾ 'ਚ ਵਿਟਾਮਿਨ-ਸੀ ਹੁੰਦਾ ਹੈ। ਵਿਟਾਮਿਨ-ਸੀ ਦੰਦਾਂ ਦੀਆਂ ਬਿਮਾਰੀਆਂ, ਹਾਈ ਬਲੱਡ ਪ੍ਰੈਸ਼ਰ, ਪਾਚਨ ਤੰਤਰ ਸਬੰਧੀ ਤਕਲੀਫ਼ਾਂ ਨੂੰ ਦੂਰ ਕਰਨ 'ਚ ਮਦਦ ਕਰਦਾ ਹੈ...**

# ਗਾਜਰ ਤੇ ਅਮਰੂਦ ਦਵਾ ਵੀ ਹੈ ਤੇ ਦਵਾਖ਼ਾਨਾ ਵੀ

ਆਮ ਤੌਰ 'ਤੇ ਧਰਤੀ ਦੇ ਥੱਲੇ ਪਾਏ ਜਾਣ ਵਾਲੇ ਸ਼ਲਗਮ, ਮੂਲੀ , ਗਾਜਰ ਆਦਿ ਕੰਦ - ਮੂਲ ਹੀ ਕਹਿਲਾਉਂਦੇ ਹਨ। ਗਾਜਰ ਦੀ ਵਿਸ਼ੇਸ਼ਤਾ ਇਹ ਹੈ ਕਿ ਕੰਦ ਮੂਲ ਹੋਣ ਦੇ ਬਾਵਜੂਦ ਵੀ ਇਸ ਨੂੰ ਫਲਾਂ 'ਚ ਉੱਚੀ ਪਦਵੀ ਪ੍ਰਾਪਤ ਹੈ। ਗਾਜਰ ਦਾ ਇਸਤੇਮਾਲ ਮੁੱਖ ਤੌਰ 'ਤੇ ਸਬਜ਼ੀ, ਜੂਸ, ਖੀਰ, ਆਚਾਰ , ਕਾਂਜੀ , ਪਰਾਂਠੇ , ਮੁਰੱਬਾ, ਸਲਾਦ ਅਤੇ ਹਲਵਾ ਆਦਿ ਬਣਾਉਣ 'ਚ ਹੁੰਦਾ ਹੈ। ਗਾਜਰ ਮਨੁੱਖ ਲਈ ਕੁਦਰਤ ਦਾ ਇਕ ਅਨਮੋਲ ਤੋਹਫਾ ਹੈ। ਜਿਸ ਵਿਅਕਤੀ ਦਾ ਦਿਲ ਤੇ ਦਿਮਾਗ਼ ਸਹੀ ਹੋਵੇ ਉਸਦੇ ਜੀਵਨ 'ਚ ਕੋਈ ਘਾਟ ਨਹੀਂ ਰਹਿੰਦੀ। ਗਾਜਰ ਦਿਲ ਤੇ ਦਿਮਾਗ਼ ਨੂੰ ਤੰਦਰੁਸਤ ਰੱਖਦੀ ਅਤੇ ਸਰੀਰਕ ਬਲ ਪ੍ਰਦਾਨ ਕਰਦੀ ਹੈ। ਗਾਜਰ ਚੰਗੀ ਬੁੱਧੀ ਦਾ ਭੰਡਾਰ ਹੈ। ਗਾਜਰ ਖਾਣ ਵਾਲੇ ਦਾ ਖ਼ੂਨ ਕਦੇ ਸਫ਼ੈਦ ਨਹੀਂ ਹੁੰਦਾ ਸਗੋਂ ਲਾਲ ਸੁਰਖ ਹੁੰਦਾ ਹੈ। ਇਸ ਨਾਲ ਖ਼ੂਨ ਵਾਲੇ ਰਕਤਾਣੂ ਰਿਸ਼ਟ -ਪੁਸ਼ਟ ਹੁੰਦੇ ਹਨ। ਗਾਜਰ ਦੀ ਤਾਸੀਰ ਠੰਡੀ ਹੁੰਦੀ ਹੈ ਇਸ ਲਈ ਇਹ ਦਿਲ ਅਤੇ ਸਰੀਰ ਨੂੰ ਠੰਡਕ ਪ੍ਰਦਾਨ ਕਰਦੀ ਹੈ। ਇਹ ਪਿੱਤ ਅਤੇ ਤੇਜਾਬੀ ਮਾਦੇ ਨੂੰ ਖ਼ਤਮ ਕਰਕੇ ਸਰੀਰ ਦੀ ਜ਼ਰੂਰੀ ਗਰਮੀ ਨੂੰ ਬਰਕਰਾਰ ਰੱਖਦੀ ਹੈ। ਗਾਜਰ ਦੇ ਰੰਗ, ਗੰਧ, ਸਵਾਦ ਅਤੇ ਪੌਸ਼ਟਿਕਤਾ ਦੀ ਆਪਣੀ ਹੀ ਵਿਸ਼ੇਸ਼ਤਾ ਹੈ। ਇਸ ਨੂੰ ਸਬਜ਼ੀਆਂ ਦੀ ਰਾਣੀ ਵੀ ਕਿਹਾ ਜਾਂਦਾ ਹੈ। ਗਾਜਰ ਤਾਕਤ ਦਾ ਇਕ ਅਦਭੁੱਤ ਸੋਮਾ ਹੈ, ਇਸ 'ਚ ਗਾਂ ਦੇ ਦੁੱਧ ਨਾਲੋਂ ਵੀਹ ਗੁਣਾ ਜ਼ਿਆਦਾ ਵਿਟਾਮਿਨ ਏ ਪਾਇਆ ਜਾਂਦਾ ਹੈ। ਗਾਜਰ ਨੂੰ ਆਯੂਰਵੇਦ - ਗ੍ਰੰਥਾਂ 'ਚ ਨੇਤਰ-ਰੰਜਨੀ ਮੰਨਿਆ ਗਿਆ ਹੈ। ਇਸ 'ਚ ਕੈਰੋਟੀਨ ਤੱਤ ਪਾਇਆ ਜਾਂਦਾ ਹੈ। ਇਸਦੇ ਇਸਤੇਮਾਲ ਨਾਲ ਐਨਕ ਉਤਰ ਜਾਂਦੀ ਹੈ। ਇਹ ਅੱਖਾਂ ਦੀਆਂ ਪੁਤਲੀਆਂ 'ਚ ਦੂਰਬੀਨ ਜਿਹੀ ਸ਼ਕਤੀ ਪੈਦਾ ਕਰ ਦਿੰਦੀ ਹੈ। ਖ਼ੂਨ ਨੂੰ ਸਾਫ਼ ਕਰਕੇ ਚਮੜੀ ਨੂੰ ਬੇਦਾਗ਼ ਅਤੇ ਕੋਮਲ ਕਰ ਦਿੰਦੀ ਹੈ। ਇਸ ਤਰ੍ਹਾਂ ਫੋੜੇ- ਫਿੰਸੀਆਂ ਅਤੇ ਕਿੱਲ ਮੁੰਹਾਸੇ ਵੀ ਨਹੀਂ ਨਿਕਲਦੇ। ਗਾਜਰ 'ਚ ਮੁੱਖ ਤੌਰ 'ਤੇ ਲੋਹ ਤੱਤ ਦੀ ਪ੍ਰਧਾਨਤਾ ਹੁੰਦੀ ਹੈ ਇਸ ਤੋਂ ਇਲਾਵਾ ਸਾਰੇ ਪੌਸ਼ਟਿਕ ਤੱਤ ਜਿਵੇਂ ਫਾਸਫੋਰਸ, ਪੋਟਾਸ਼ੀਅਮ, ਮੈਗਨੀਸ਼ੀਅਮ,ਆਇਉਡੀਨ, ਸੋਡੀਅਮ, ਕੈਲਸ਼ੀਅਮ, ਪ੍ਰੋਟੀਨ, ਚਰਬੀ, ਕਾਰਬੋਹਾਈਡ੍ਰੇਟਸ, ਫਾਈਬਰ, ਅਤੇ ਜ਼ਰੂਰੀ ਵਿਟਾਮਿਨ ਜਿਵੇਂ ਕਿ ਵਿਟਾਮਿਨ ਏ, ਬੀ, ਸੀ, ਬੀ-1, ਅਤੇ ਕੁੱਝ ਮਾਤਰਾ 'ਚ ਵਿਟਾਮਿਨ ਡੀ, ਈ, ਅਤੇ ਜੀ ਆਦਿ ਵੀ ਪਾਏ ਜਾਂਦੇ ਹਨ। ਗਾਜਰ 'ਚ ਕਲੋਰੀਨ ਦਾ ਤੱਤ ਵੀ ਪਾਇਆ ਜਾਂਦਾ ਹੈ ਜੋ ਕਿ ਸਰੀਰ ਅਤੇ ਆਂਤੜੀਆਂ ਦੀ ਸਫ਼ਾਈ ਕਰਦਾ ਹੈ। ਗਾਜਰ ਨੂੰ ਕੱਟਣ ਤੋਂ ਪਹਿਲਾਂ ਜਿੰਨਾਂ ਮਰਜ਼ੀ ਧੋ ਲਵੋ ਪਰ ਕੱਟਣ ਤੋਂ ਬਾਅਦ ਬਿਲਕੁਲ ਨਹੀਂ ਧੋਣਾ ਚਾਹੀਦਾ ਹੈ। ਇਸ ਨਾਲ ਇਸਦੇ ਪੌਸ਼ਟਿਕ ਤੱਤ ਪਾਣੀ 'ਚ ਵਹਿ ਜਾਂਦੇ ਹਨ। ਗਾਜਰ ਦਾ ਜੂਸ ਬਹੁਤ ਜ਼ਿਆਦਾ ਛੋਟੇ ਬੱਚਿਆਂ ਨੂੰ ਨਹੀਂ ਪਿਲਾਉਣਾ ਚਾਹੀਦਾ। ਇਸ ਤੋਂ ਇਲਾਵਾ ਸਰਦੀ ਜ਼ੁਕਾਮ, ਨਿਮੋਨੀਆ, ਵਾਯੂ, ਅਤੇ ਸ਼ੀਤ ਪ੍ਰਧਾਨ ਰੋਗਾਂ 'ਚ ਗਾਜਰ ਦੇ ਰਸ ਦਾ ਇਸਤੇਮਾਲ ਨਹੀਂ ਕਰਨਾ ਚਾਹੀਦਾ। ਇਹ ਨਿਮੋਨੀਆ ਅਤੇ ਗਠੀਆ ਵਰਗੇ ਰੋਗਾਂ 'ਚ ਵੀ ਲਾਭਦਾਇਕ ਹੁੰਦੀ ਹੈ। ਕਿਸੇ ਖ਼ਾਸ ਬਿਮਾਰੀ ਦੇ ਇਲਾਜ ਲਈ ਗਾਜਰ ਦਾ ਇਸਤੇਮਾਲ ਕਿਸੇ ਯੋਗ ਆਯੂਰਵੈਦਿਕ ਜਾਂ ਨੈਚਰੋਪੈਥ ਡਾਕਟਰ ਦੀ ਸਲਾਹ ਨਾਲ ਹੀ ਕਰਨਾ ਚਾਹੀਦਾ ਹੈ। ਗਾਜਰ ਅਫਾਰਾ, ਐਸੀਡਿਟੀ, ਅੱਖਾਂ ਦੇ ਰੋਗ, ਆਂਤੜੀਆਂ ਦੀ ਸੋਜ, ਮਾਈਗ੍ਰੇਨ, ਕਬਜ਼, ਕੈਂਸਰ, ਖਾਜ-ਖੁਜਲੀ, ਖ਼ੂਨੀ ਦਸਤ, ਖ਼ੂਨੀ ਬਵਾਸੀਰ, ਗਰਮੀ ਅਤੇ ਖੁਸ਼ਕੀ, ਗੁਰਦੇ ਦੇ ਰੋਗ, ਚਮੜੀ ਦੇ ਰੋਗ, ਜਿਗਰ ਅਤੇ ਤਿੱਲੀ, ਜੋੜਾਂ ਦੇ ਦਰਦ, ਦਮਾ, ਦੰਦਾਂ ਦੇ ਰੋਗ, ਪੀਲੀਆ, ਨੀਂਦ ਨਾ ਆਉਣਾ, ਪਥਰੀ, ਬਹਿਰਾਪਨ, ਵਾਲ਼ ਝੜਨਾ, ਬੁਖ਼ਾਰ, ਸ਼ੂਗਰ, ਮਿਰਗੀ, ਆਦਿ ਰੋਗਾਂ 'ਚ ਲਾਭਦਾਇਕ ਹੁੰਦੀ ਹੈ।



## ਗਾਜਰ ਦੇ ਫ਼ਾਇਦੇ

*ਗਾਜਰ ਐਸੀਡਿਟੀ, ਅੱਖਾਂ ਦੇ ਰੋਗ, ਅੰਤੜੀਆਂ ਦੀ ਸੋਜ਼, ਮਾਈਗ੍ਰੇਨ, ਕਬਜ਼, ਕੈਂਸਰ, ਖਾਜ-ਖੁਜਲੀ, ਖ਼ੂਨੀ ਦਸਤ, ਖ਼ੂਨੀ ਬਵਾਸੀਰ, ਗਰਮੀ ਅਤੇ ਖੁਸ਼ਕੀ, ਗੁਰਦੇ ਦੇ ਰੋਗ, ਚਮੜੀ ਦੇ ਰੋਗ, ਜਿਗਰ ਅਤੇ ਤਿੱਲੀ, ਜੋੜਾਂ ਦੇ ਦਰਦ, ਦਮਾ, ਦੰਦਾਂ ਦੇ ਰੋਗ, ਪੀਲੀਆ, ਨੀਂਦ ਨਾ ਆਉਣਾ, ਪੱਥਰੀ, ਬੋਲਾਪਨ, ਵਾਲ਼ ਝੜਨਾ, ਬੁਖ਼ਾਰ, ਸ਼ੂਗਰ, ਮਿਰਗੀ, ਆਦਿ ਰੋਗਾਂ 'ਚ ਲਾਭਦਾਇਕ ਹੁੰਦੀ ਹੈ। ਰਸ ਦੇ ਰੂਪ 'ਚ, ਸਾਬਤ ਖਾਣ 'ਚ ਜਾਂ ਸਲਾਦ ਦੇ ਤੌਰ 'ਤੇ ਗਾਜਰ ਦਾ ਸੇਵਨ ਕਰਨਾ ਚਾਹੀਦਾ ਹੈ। ਇਸ ਦੇ ਇਸਤੇਮਾਲ ਨਾਲ ਖ਼ੂਨ ਦਾ ਪੱਧਰ ਠੀਕ ਤੇ ਇਸ 'ਚ ਵਾਧਾ ਹੁੰਦਾ ਹੈ*

**ਅਮਰੂਦ** - ਜੇ ਹੁਣ ਅਸੀਂ ਅਮਰੂਦ ਦੀ ਗੱਲ ਕਰੀਏ ਤਾਂ ਤੰਦਰੁਸਤ ਰਹਿਣ ਦਾ ਇਕ ਮੰਤਰ ਇਹ ਵੀ ਹੈ ਕਿ ਸਾਨੂੰ ਮੌਸਮ ਦੇ ਹਿਸਾਬ ਨਾਲ ਮੌਸਮੀ ਫਲ਼ ਅਤੇ ਖਾਧ ਪਦਾਰਥ ਖਾਣੇ ਚਾਹੀਦੇ ਹਨ। ਅੱਜਕੱਲ੍ਹ ਦੇ ਬਰਸਾਤ ਦੇ ਮੌਸਮ 'ਚ ਅਮਰੂਦ ਅਜਿਹਾ ਹੀ ਇਕ ਮੌਸਮੀ ਫਲ਼ ਹੈ। ਕੁੱਝ ਲੋਕ ਇਹ ਵੀ ਮੰਨਦੇ ਹਨ ਕਿ ਜੰਗਲੀ ਅੰਬ ਅਤੇ ਕੇਲੇ ਦੀ ਤਰ੍ਹਾਂ ਪ੍ਰਾਚੀਨ ਕਾਲ ਤੋਂ ਹੀ ਇਹ ਭਾਰਤ ਦੇ ਜੰਗਲਾਂ 'ਚ ਪੈਦਾ ਹੋ ਰਿਹਾ ਹੈ। ਇਸਦਾ ਪੁਰਾਣਾ ਸੰਸਕ੍ਰਿਤਕ ਨਾਂ ਅੰਮ੍ਰਿਤ ਫਲ਼ ਹੈ। ਅਮਰੂਦ ਹਰ ਤਰ੍ਹਾਂ ਦੀ ਜ਼ਮੀਨ 'ਚ ਪੈਦਾ ਹੋ ਜਾਂਦਾ ਹੈ। ਬੀਜ ਦੀ ਪਨੀਰੀ ਤੋਂ ਲਗਾਏ ਗਏ ਪੌਦੇ ਦੇ ਫਲ਼ ਆਕਾਰ 'ਚ ਛੋਟੇ ਜ਼ਿਆਦਾ ਬੀਜ ਵਾਲੇ ਅਤੇ ਘੱਟ ਗਰਭ ਵਾਲੇ ਹੁੰਦੇ ਹਨ। ਜਦ ਕਿ ਕਲਮ ਕਰਕੇ ਲਗਾਏ ਗਏ ਪੌਦੇ ਦੇ ਫਲ਼ ਵੱਡੇ ਘੱਟ ਬੀਜ ਅਤੇ ਜ਼ਿਆਦਾ ਗਰਭ ਵਾਲੇ ਹੁੰਦੇ ਹਨ। ਪਨੀਰੀ ਵਾਲਾ ਪੌਦਾ ਤਿੰਨ-ਚਾਰ ਸਾਲ 'ਚ ਫਲ਼ ਦੇਣ ਲਗਦਾ ਹੈ। ਜਦ ਕਿ ਕਲਮ ਵਾਲਾ ਪੌਦਾ ਦੂਸਰੇ ਸਾਲ ਹੀ ਫਲ਼ ਦੇਣਾ ਸ਼ੁਰੂ ਕਰ ਦਿੰਦਾ ਹੈ। ਅਮਰੂਦ ਦੀਆਂ ਮੁੱਖ ਦੋ ਕਿਸਮਾਂ ਹੁੰਦੀਆ ਹਨ

## ਸਫ਼ੈਦ ਅਤੇ ਲਾਲ-ਗੁਲਾਬੀ

ਸਫ਼ੈਦ ਕਿਸਮ ਜ਼ਿਆਦਾ ਮਿੱਠੀ ਹੁੰਦੀ ਹੈ। ਲਾਲ ਕਿਸਮ ਦੇ ਫਲ਼ ਦਸਤ ਨੂੰ ਜ਼ਿਆਦਾ ਖੁੱਲ੍ਹ ਕੇ ਆਉਣ 'ਚ ਸਹਾਈ ਹੁੰਦੇ ਹਨ। ਅਮਰੂਦ ਦਾ ਸੇਵਨ ਸਵੇਰੇ 8 ਤੋਂ 9 ਵਜੇ ਤਕ ਕੀਤਾ ਜਾ ਸਕਦਾ ਹੈ। ਸਭ ਤੋਂ ਉੱਤਮ ਸਮਾਂ ਦੁਪਹਿਰ ਦਾ ਹੈ। ਦੁਪਹਿਰ ਦੇ ਭੋਜਨ ਤੋਂ ਇਕ ਦੋ ਘੰਟੇ ਉਪਰੰਤ ਇਕ ਦੋ ਵੱਡੇ ਅਮਰੂਦ ਖਾਣੇ ਚਾਹੀਦੇ ਹਨ। ਇਸ ਨਾਲ ਸਰੀਰ ਨੂੰ ਜ਼ਰੂਰੀ ਤੱਤ ਪ੍ਰਾਪਤ ਹੋ ਜਾਂਦੇ ਹਨ। ਅਮਰੂਦ 'ਚ ਵਿਟਾਮਿਨ ਸੀ, ਬੀ, ਏ, ਪੋਟਾਸ਼ੀਅਮ, ਰੇਸ਼ੇ , ਕੈਲਸ਼ੀਅਮ, ਫਾਸਫੋਰਸ, ਲੋਹਾ, ਗੁਲੂਕੋਜ਼, ਟੈਨਿਨ ਐਸਿਡ, ਆਦਿ ਪਾਏ ਜਾਂਦੇ ਹਨ। ਅਮਰੂਦ 'ਚ ਮੁਸੰਮੀ, ਟਮਾਟਰ, ਨਾਰੰਗੀ ਅਤੇ ਨਿੰਬੂ ਨਾਲੋਂ ਜ਼ਿਆਦਾ ਵਿਟਾਮਿਨ ਸੀ ਹੁੰਦਾ ਹੈ। ਵਿਟਾਮਿਨ ਸੀ ਦੰਦਾਂ ਦੀਆਂ ਬਿਮਾਰੀਆਂ, ਹਾਈ ਬਲੱਡ ਪ੍ਰੈਸ਼ਰ, ਪਾਚਨ ਤੰਤਰ ਦੀ ਕਮਜ਼ੋਰੀ ਆਦਿ ਨੂੰ ਦੂਰ ਕਰਦਾ ਹੈ। ਇਸ ਤੋਂ ਇਲਾਵਾ ਕੁੱਝ ਮਾਤਰਾ 'ਚ ਪ੍ਰੋਟੀਨ, ਕਾਰਬੋਹਾਈਡ੍ਰੇਟਸ, ਫੈਟ, ਬੀਟਾ ਸਿਟੋਸਟਰਿਲ, ਲਿਓਕੋਸਾਈਡੀਨ, ਸਿਟਰਿਕ ਅਮਲ, ਬੀਟਾ ਕਾਫੇਨ, ਕੈਡੀਨਿਨ, ਗੁਲੂਕੋਜ਼, ਅਮੀਨੋ ਐਸਿਡ, ਫਾਰਨੇਸਿਨ, ਲਿਮੋਨਿਨ, ਨਿਆਸਿਨ ਆਦਿ ਤੱਤ ਪਾਏ ਜਾਂਦੇ ਹਨ। ਜਿੱਥੋਂ ਤਕ ਹੋ ਸਕੇ ਅਮਰੂਦ ਨੂੰ ਬਿਨਾਂ ਬੀਜ ਤੋਂ ਹੀ ਖਾਣਾ ਚਾਹੀਦਾ ਹੈ। ਅਮਰੂਦ ਦਾ ਇਸਤੇਮਾਲ ਮੁਰੱਬਾ, ਚਟਨੀ, ਰਾਇਤਾ, ਜੈਮ, ਚਾਟ ਅਤੇ ਸ਼ਰਬਤ ਆਦਿ ਲਈ ਵੀ ਹੁੰਦਾ ਹੈ। ਇਹ ਠੰਢੀ ਰੁੱਤ ਦਾ ਇਕ ਸਸਤਾ ਫਲ਼ ਹੈ। ਆਯੂਰਵੈਦਿਕ ਮੱਤ ਅਨੁਸਾਰ ਅਮਰੂਦ ਕਸੈਲ਼ਾ, ਮਿੱਠਾ, ਕਦੀ-ਕਦੀ ਖਾਰਾ, ਪਿੱਤ ਨੂੰ ਨਾਸ਼ ਕਰਨ ਵਾਲਾ, ਸਵਾਦਿਸ਼ਟ, ਸ਼ੀਤਲ, ਭਰਮ ਅਤੇ ਬੇਹੋਸ਼ੀ ਨੂੰ ਦੂਰ ਕਰਨ ਵਾਲਾ ਤਿੱਖਾ ਅਤੇ ਤ੍ਰੀਦੋਸ਼ਨਾਸ਼ਕ ਹੁੰਦਾ ਹੈ। ਅਮਰੂਦ ਕਈ ਰੋਗਾਂ 'ਚ ਫ਼ਾਇਦਾ ਪਹੁੰਚਾਉਂਦਾ ਹੈ। ਦਿਲ ਅਤੇ ਦਿਮਾਗ਼ ਨੂੰ ਤਾਕਤ ਪ੍ਰਦਾਨ ਕਰਦਾ ਹੈ। ਕਬਜ਼ ਅਤੇ ਬਵਾਸੀਰ ਦੀ ਤਾਂ ਇਹ ਰਾਮਬਾਣ ਦਵਾ ਹੈ। ਅਮਰੂਦ ਦਾ ਸਾਗ ਅਤੇ ਮੁਰੱਬਾ ਕਬਜ਼ ਨੂੰ ਦੂਰ ਕਰਦਾ ਹੈ। ਅਮਰੂਦ ਬਲ਼ ਅਤੇ ਬੁੱਧੀ ਦਾ ਵਿਕਾਸ ਕਰਦਾ ਹੈ। ਅਮਰੂਦ ਦਾ ਨਿਯਮਿਤ ਸੇਵਨ ਕਰਨ ਨਾਲ ਤਿੰਨ ਚਾਰ ਦਿਨਾਂ 'ਚ ਹੀ ਮਲ ਸ਼ੁੱਧੀ ਹੋਣ ਲੱਗ ਜਾਂਦੀ ਹੈ। ਅਮਰੂਦ ਦੇ ਪੱਤਿਆਂ ਦਾ ਕਾੜ੍ਹਾ ਪਿਲਾਉਣ ਜਾਂ ਅਮਰੂਦ ਖਵਾਉਣ ਨਾਲ ਭੰਗ ਦਾ ਨਸ਼ਾ ਉੱਤਰ ਜਾਂਦਾ ਹੈ। ਕੱਚੇ ਅਮਰੂਦ ਨਹੀਂ ਖਾਣੇ ਚਾਹੀਦੇ ਇਹ ਸਿਹਤ ਲਈ ਹਾਨੀਕਾਰਕ ਹੁੰਦੇ ਹਨ। ਕੱਚੇ ਅਮਰੂਦਾਂ ਨੂੰ ਪੱਥਰ ਤੇ ਪੀਸ ਕੇ ਸਿਰ 'ਤੇ ਲੇਪ ਕਰਨ ਨਾਲ ਮਾਈਗ੍ਰੇਨ ਦਾ ਦਰਦ ਠੀਕ ਹੋ ਜਾਂਦਾ ਹੈ। ਅਮਰੂਦ ਨਾਲ ਕੁੱਤਾ ਖਾਂਸੀ ਅਤੇ ਰੁਕੇ ਹੋਏ ਜ਼ੁਕਾਮ ਤੋਂ ਵੀ ਛੁਟਕਾਰਾ ਹੋ ਜਾਂਦਾ ਹੈ। ਕਫ ਵਾਲੀ ਖਾਂਸੀ ਹੋਵੇ ਤਾਂ ਅੱਗ 'ਚ ਅਮਰੂਦ ਭੁੰਨ ਕੇ ਖਾਣ ਨਾਲ ਆਰਾਮ ਮਿਲਦਾ ਹੈ। ਬਹੁਤ ਪੁਰਾਣੀ ਖਾਂਸੀ ਜ਼ੁਕਾਮ ਹੋਵੇ ਤਾਂ ਸਿਰਫ਼ ਤਿੰਨ ਦਿਨ ਕੇਵਲ ਅਮਰੂਦ ਦਾ ਸੇਵਨ ਕਰਨ ਨਾਲ ਹੀ ਵਧੀਆ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ। ਇਸ ਤੋਂ ਇਲਾਵਾ ਅਮਰੂਦ ਪੁਰਾਣੇ ਦਸਤ, ਦੰਦ ਦਰਦ, ਫੋੜੇ ਫਿੰਸੀਆਂ, ਖ਼ੂਨ ਦੀ ਖ਼ਰਾਬੀ, ਮਲੇਰੀਆ, ਪੇਟ ਦਰਦ, ਗੁਦਾ ਦਾ ਬਾਹਰ ਨਿਕਲ ਆਉਣਾ, ਜ਼ਿਆਦਾ ਪਿਆਸ ਲੱਗਣਾ, ਅੱਖਾਂ ਦੇ ਰੋਗ, ਗਠੀਆ ਆਦਿ ਰੋਗਾਂ 'ਚ ਵਿਸ਼ੇਸ਼ ਤੌਰ 'ਤੇ ਹਿਤਕਾਰੀ ਹੈ।

ਆਮਦੂਰ ਦੇ ਪੱਤਿਆਂ ਦੀ ਚਾਹ ਕਾਰਬੋਹਾਈਡ੍ਰੇਟਸ ਨੂੰ ਸ਼ੂਗਰ 'ਚ ਬਦਲਣ ਤੋਂ ਰੋਕਦੀ ਹੈ।

98148-13674



# ਕਈ ਮਾਮਲੇ ਸੁਲਝਾਉਣ ਤੇ ਅਧੂਰੀਆਂ ਮੰਗਾਂ ਪੂਰੀਆਂ ਕਰਾਉਣ ਲਈ ਇਕ ਹੋਰ ਅੰਦੋਲਨ ਦੀ ਲੋੜ: ਸੰਯੁਕਤ ਕਿਸਾਨ ਮੋਰਚਾ

## ਕਿਸਾਨ ਮਹਾਪੰਚਾਇਤ ਦੌਰਾਨ ਦੇਸ਼ ਭਰ 'ਚੋਂ ਪੁੱਜੇ ਹਜ਼ਾਰਾਂ ਕਿਸਾਨ, ਪੁਲੀਸ ਨੇ ਕੀਤੇ ਵਿਆਪਕ ਸੁਰੱਖਿਆ ਪ੍ਰਬੰਧ



ਨਵੀਂ ਦਿੱਲੀ
-ਰੋਜ਼ਾਨਾ ਸਵੇਰਾ-

ਕਿਸਾਨਾਂ ਦੀ ਜਥੇਬੰਦੀ ਸੰਯੁਕਤ ਕਿਸਾਨ ਮੋਰਚਾ ਨੇ ਅੱਜ ਕਿਹਾ ਕਿ ਜੇ ਸਰਕਾਰ ਨੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ), ਕਰਜ਼ਾ ਮੁਆਫ਼ੀ ਅਤੇ ਪੈਨਸ਼ਨ ਸਮੇਤ ਆਪਣੀਆਂ ਮੰਗਾਂ ਨੂੰ ਪੂਰਾ ਨਹੀਂ ਕੀਤਾ ਤਾਂ ਉਹ ਇੱਕ ਹੋਰ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਗੇ। ਕਿਸਾਨ ਆਗੂ ਦਰਸ਼ਨ ਪਾਲ ਨੇ ਦੱਸਿਆ ਕਿ ਐੱਸਕੇਐੱਮ ਦੇ 15 ਮੈਂਬਰੀ ਵਫ਼ਦ ਨੇ ਦੁਪਹਿਰ ਨੂੰ ਕ੍ਰਿਸ਼ੀ ਭਵਨ ਵਿਖੇ ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨਾਲ ਮੁਲਾਕਾਤ ਕੀਤੀ ਅਤੇ ਮੰਗ ਪੱਤਰ ਸੌਂਪਿਆ। ਉਨ੍ਹਾਂ ਕਿਹਾ ਕਿ ਕੁੱਝ ਅਣਸੁਲਝੇ ਮੁੱਦਿਆਂ ਤੇ ਕਈ ਅਧੂਰੀ ਮੰਗਾਂ ਲਈ ਇਕ ਹੋਰ ਅੰਦੋਲਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ 30 ਅਪਰੈਲ ਨੂੰ ਦਿੱਲੀ ਵਿੱਚ ਇੱਕ ਹੋਰ ਮੀਟਿੰਗ ਬੁਲਾਵਾਂਗੇ। ਸਾਰੀਆਂ ਕਿਸਾਨ ਯੂਨੀਅਨਾਂ ਨੂੰ ਆਪੋ-ਆਪਣੇ ਰਾਜਾਂ ਵਿੱਚ ਰੈਲੀਆਂ ਕਰਨ ਅਤੇ ਪੰਚਾਇਤਾਂ ਨੂੰ ਮੀਟਿੰਗ ਕਰਨ ਲਈ ਕਿਹਾ ਗਿਆ ਹੈ।

ਦਿੱਲੀ ਦੇ ਰਾਮਲੀਲਾ ਮੈਦਾਨ 'ਚ ਸੋਮਵਾਰ ਯਾਨੀ ਕਿ ਅੱਜ ਕਿਸਾਨ ਮਹਾਪੰਚਾਇਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਮਹਾਪੰਚਾਇਤ ਵਿਚ ਦੇਸ਼ ਤੋਂ ਵੱਡੀ ਗਿਣਤੀ 'ਚ ਕਿਸਾਨਾਂ ਜੁੱਟੇ ਹਨ। ਮਹਾਪੰਚਾਇਤ, ਸੰਯੁਕਤ ਕਿਸਾਨ ਮੋਰਚਾ (SKM) ਦੇ ਬੈਨਰ ਹੇਠ ਹੋ ਰਹੀ ਹੈ। SKM ਨੇ ਕਿਹਾ ਕਿ ਅਸੀਂ ਮਹੀਨਾ ਪਹਿਲਾਂ ਹੀ ਐਲਾਨ ਕੀਤਾ ਹੋਇਆ ਸੀ ਕਿ ਰਾਮਲੀਲਾ ਮੈਦਾਨ 'ਚ ਕਿਸਾਨ ਮਹਾਪੰਚਾਇਤ ਵਿਚ ਹਿੱਸਾ ਲੈਣ ਲਈ ਦੇਸ਼ ਭਰ ਤੋਂ ਲੱਖਾਂ ਕਿਸਾਨ ਦਿੱਲੀ ਆ ਰਹੇ ਹਨ। ਕਿਸਾਨਾਂ ਦਾ ਕਹਿਣਾ ਹੈ ਕਿ ਅਸੀਂ ਘੱਟ ਤੋਂ ਘੱਟ ਸਮਰਥਨ ਮੁੱਲ (MSP) 'ਤੇ ਕਾਨੂੰਨੀ ਗਰੰਟੀ ਲਈ ਸਰਕਾਰ 'ਤੇ ਦਬਾਅ ਬਣਾਉਣ ਲਈ ਕਿਸਾਨ ਮਹਾਪੰਚਾਇਤ ਕਰ ਰਹੇ ਹਾਂ। ਕਿਸਾਨਾਂ ਦਾ ਕਹਿਣਾ ਹੈ ਕਿ ਰੱਦ ਕੀਤੇ ਗਏ ਖੇਤੀ ਕਾਨੂੰਨਾਂ ਖ਼ਿਲਾਫ਼ ਇਕ ਸਾਲ ਤੋਂ ਵਧ ਸਮੇਂ ਤੱਕ ਅੰਦੋਲਨ ਚਲਿਆ ਹੈ। ਅਸੀਂ ਕੇਂਦਰ ਤੋਂ MSP 'ਤੇ ਕਮੇਟੀ ਨੂੰ ਭੰਗ ਕਰਨ ਦੀ ਅਪੀਲ ਕੀਤੀ ਹੈ, ਜੋ ਕਿ ਕਿਸਾਨਾਂ ਦੀਆਂ ਮੰਗਾਂ ਦੇ ਉਲਟ ਹੈ। ਦੱਸ ਦੇਈਏ ਕਿ ਕਿਸਾਨਾਂ ਦੀਆਂ ਮੰਗਾਂ ਵਿਚ ਪੈਨਸ਼ਨ, ਕਰਜ਼ਾ ਮੁਆਫ਼ੀ, ਕਿਸਾਨ ਅੰਦੋਲਨ ਦੌਰਾਨ ਮਰਨ ਵਾਲਿਆਂ ਨੂੰ ਮੁਆਵਜ਼ਾ ਅਤੇ ਬਿਜਲੀ ਬਿੱਲ ਵਾਪਸ ਲੈਣਾ ਵੀ ਸ਼ਾਮਲ ਹੈ। ਕਿਸਾਨ ਯੂਨੀਅਨ ਨੇ ਖੇਤੀ ਲਈ ਮੁਫਤ ਬਿਜਲੀ ਅਤੇ ਪੇਂਡੂ ਘਰਾਂ ਲਈ 300 ਯੂਨਿਟ ਬਿਜਲੀ ਦੀ ਮੰਗ ਵੀ ਦੋਹਰਾਈ ਹੈ। ਓਧਰ ਕਿਸਾਨ ਮਹਾਪੰਚਾਇਤ ਦੇ ਕਿਸਾਨ ਆਗੂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ (SKM) ਦੇ ਵਫ਼ਦ ਨੇ ਘੱਟੋ-ਘੱਟ ਸਮਰਥਨ ਮੁੱਲ (MSP) 'ਤੇ ਕਾਨੂੰਨ ਬਣਾਉਣ ਦੀ ਮੰਗ ਅਤੇ ਹੋਰ ਮੁੱਦਿਆਂ 'ਤੇ ਚਰਚਾ ਕਰਨ ਲਈ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨਾਲ ਮੁਲਾਕਾਤ ਕੀਤੀ। ਤੋਮਰ ਨਾਲ ਮੁਲਾਕਾਤ ਕਰਨ ਤੋਂ ਬਾਅਦ SKM ਦੇ ਆਗੂ ਦਰਸ਼ਨ ਪਾਲ ਨੇ ਕਿਹਾ ਕਿ ਕੁਝ ਅਣਸੁਲਝੇ ਮੁੱਦਿਆਂ, ਅਧੂਰੀਆਂ ਮੰਗਾਂ ਨੂੰ ਲੈ ਕੇ ਗੱਲਬਾਤ ਕੀਤੀ ਗਈ ਹੈ। ਦਰਸ਼ਨ ਪਾਲ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ 9 ਦਸੰਬਰ 2021 ਨੂੰ ਲਿਖਤੀ ਰੂਪ ਵਿਚ ਦਿੱਤੇ ਗਏ ਭਰੋਸੇ ਨੂੰ ਪੂਰਾ ਕਰਨਾ ਚਾਹੀਦਾ ਹੈ। ਕਿਸਾਨਾਂ ਨੂੰ ਲਗਾਤਾਰ ਵੱਧ ਰਹੀ ਪ੍ਰੇਸ਼ਾਨੀ ਨੂੰ ਘਟਾਉਣ ਲਈ ਪ੍ਰਭਾਵੀ ਕਦਮ ਚੁੱਕਣੇ ਚਾਹੀਦੇ ਹਨ।

# ਭਾਰਤ ਤੇ ਜਪਾਨ ਨੇ ਕੌਮਾਂਤਰੀ ਰਣਨੀਤਕ ਭਾਈਵਾਲੀ ਦਾ ਵਿਸਥਾਰ ਕਰਨ ਲਈ ਅਹਿਦ ਲਿਆ

ਨਵੀਂ ਦਿੱਲੀ,
-ਰੋਜ਼ਾਨਾ ਸਵੇਰਾ-

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਜਾਪਾਨੀ ਹਮਰੁਤਬਾ ਫੂਮਿਓ ਕਿਸ਼ਿਦਾ ਨੇ ਅੱਜ ਭਾਰਤ-ਜਾਪਾਨ ਕੌਮਾਂਤਰੀ ਰਣਨੀਤਕ ਭਾਈਵਾਲੀ ਦਾ ਵਿਸਥਾਰ ਕਰਨ ਦਾ ਅਹਿਦ ਲਿਆ ਅਤੇ ਕਿਹਾ ਕਿ ਇਹ ਸ਼ਾਂਤੀਪੂਰਨ, ਸਥਿਰ ਅਤੇ ਖੁਸ਼ਹਾਲ ਹਿੰਦ ਪ੍ਰਸ਼ਾਂਤ ਮਹਾਸਾਗਰ ਖੇਤਰ ਲਈ ਬਹੁਤ ਜ਼ਰੂਰੀ ਹੈ। ਦੋਵਾਂ ਨੇ ਖੁਰਾਕ ਅਤੇ ਊਰਜਾ ਦੀਆਂ ਵਧਦੀਆਂ ਕੀਮਤਾਂ ਅਤੇ ਸਮੁੱਚੇ ਦੁਵੱਲੇ ਸਬੰਧਾਂ ਨੂੰ ਵਧਾਉਣ ਸਣੇ ਹੋਰ ਮਾਮਲਿਆਂ 'ਤੇ ਗੱਲਬਾਤ ਕੀਤੀ। ਜਾਪਾਨ ਦੇ ਪ੍ਰਧਾਨ ਮੰਤਰੀ ਅੱਜ ਸਵੇਰੇ ਕਰੀਬ ਅੱਠ ਵਜੇ ਦਿੱਲੀ ਪਹੁੰਚੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਜਾਪਾਨ ਦੇ ਪ੍ਰਧਾਨ ਮੰਤਰੀ ਫੂਮਿਓ ਕਿਸ਼ਿਦਾ ਵਿਚਕਾਰ ਇੱਥੇ ਦੇ ਹੈਦਰਾਬਾਦ ਹਾਊਸ ਵਿਖੇ ਵਫ਼ਦ ਪੱਧਰ ਦੀ ਗੱਲਬਾਤ ਹੋਈ। ਇਸ ਤੋਂ ਬਾਅਦ ਪ੍ਰੈੱਸ ਕਾਨਫ਼ਰੰਸ 'ਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਜੀ-20 ਦੀ ਪ੍ਰਧਾਨਗੀ ਦਾ ਇਕ ਮਹੱਤਵਪੂਰਨ ਥੰਮ੍ਹ ਗਲੋਬਲ ਸਾਊਥ ਦੀਆਂ ਤਰਜੀਹਾਂ ਨੂੰ ਆਵਾਜ਼ ਦੇਣਾ ਹੈ। ਭਾਰਤ-ਜਾਪਾਨ ਵਿਸ਼ੇਸ਼ ਰਣਨੀਤਕ ਅਤੇ ਗਲੋਬਲ ਭਾਈਵਾਲੀ ਸਾਡੀਆਂ ਸਾਂਝੀਆਂ ਜਮਹੂਰੀ ਕਦਰਾਂ-ਕੀਮਤਾਂ ਅਤੇ ਅੰਤਰਰਾਸ਼ਟਰੀ ਖ਼ੇਤਰ



ਵਿਚ ਕਾਨੂੰਨ ਦੇ ਸ਼ਾਸਨ ਦੇ ਸਨਮਾਨ 'ਤੇ ਅਧਾਰਤ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਸਾਡੀ ਮੁਲਾਕਾਤ ਇਕ ਹੋਰ ਕਾਰਨ ਕਰਕੇ ਵੀ ਖ਼ਾਸ ਹੈ। ਇਸ ਸਾਲ ਭਾਰਤ ਜੀ-20 ਦੀ ਅਤੇ ਜਾਪਾਨ ਜੀ-7 ਦੀ ਪ੍ਰਧਾਨਗੀ ਕਰ ਰਿਹਾ ਹੈ, ਇਸ ਲਈ ਇਹ ਸਾਡੀਆਂ ਆਪਣੀਆਂ ਤਰਜੀਹਾਂ ਅਤੇ ਹਿੱਤਾਂ 'ਤੇ ਇਕੱਠੇ ਕੰਮ ਕਰਨ ਦਾ ਸਭ ਤੋਂ ਵਧੀਆ ਮੌਕਾ ਹੈ। ਜਾਪਾਨੀ ਪ੍ਰਧਾਨ ਮੰਤਰੀ ਵਲੋਂ ਭਾਰਤੀ ਪ੍ਰਧਾਨ ਮੰਤਰੀ ਨੂੰ ਜੀ-7 ਵਿਚ ਹਿੱਸਾ ਲੈਣ ਦਾ ਵੀ ਸੱਦਾ ਦਿੱਤਾ ਗਿਆ।

# ਲੰਡਨ ਵਿਖੇ ਖਾਲਿਸਤਾਨੀਆਂ ਵੱਲੋਂ ਭਾਰਤੀ ਹਾਈ ਕਮਿਸ਼ਨ ਦੀ ਭੰਨ-ਤੋੜ, ਤਿਰੰਗਾ ਉਤਾਰਿਆ



ਲੰਡਨ,
-ਰੋਜ਼ਾਨਾ ਸਵੇਰਾ-

ਲੰਡਨ ਵਿਖੇ ਖਾਲਿਸਤਾਨੀ ਝੰਡੇ ਲਹਿਰਾ ਰਹੇ ਪ੍ਰਦਰਸ਼ਨਕਾਰੀਆਂ ਦੇ ਸਮੂਹ ਵੱਲੋਂ ਭਾਰਤੀ ਹਾਈ ਕਮਿਸ਼ਨ ਦੀ ਭੰਨ-ਤੋੜ ਕੀਤੀ ਗਈ। ਇਸ ਨੂੰ 'ਸ਼ਰਮਨਾਕ' ਅਤੇ 'ਪੂਰੀ ਤਰ੍ਹਾਂ ਅਸਵੀਕਾਰਨਯੋਗ' ਕਰਾਰ ਦਿੰਦਿਆਂ ਬਰਤਾਨੀਆ ਦੇ ਉੱਚ ਅਧਿਕਾਰੀਆਂ ਨੇ ਕਿਹਾ ਕਿ ਬਰਤਾਨਵੀ ਸਰਕਾਰ ਇਥੇ ਭਾਰਤੀ ਮਿਸ਼ਨ ਦੀ ਸੁਰੱਖਿਆ ਨੂੰ 'ਗੰਭੀਰਤਾ' ਨਾਲ ਲੈ ਰਹੀ ਹੈ। ਇਸ ਦੌਰਾਨ ਘਟਨਾ ਸਬੰਧੀ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਖ਼ਾਲਿਸਤਾਨੀ ਝੰਡੇ ਲਹਿਰਾਉਂਦੇ ਅਤੇ ਖਾਲਿਸਤਾਨ ਪੱਖੀ ਨਾਅਰੇ ਲਗਾਉਂਦੇ ਹੋਏ ਪ੍ਰਦਰਸ਼ਨਕਾਰੀਆਂ ਦੇ ਸਮੂਹ ਨੇ ਐਤਵਾਰ ਸ਼ਾਮ ਨੂੰ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਦੇ ਉੱਪਰ ਲਹਿਰਾਏ ਗਏ ਤਿਰੰਗੇ ਨੂੰ ਉਤਾਰਨ ਦੀ ਕੋਸ਼ਿਸ਼ ਕੀਤੀ। ਹਾਈ ਕਮਿਸ਼ਨ ਦੇ ਅਧਿਕਾਰੀਆਂ ਨੇ ਕਿਹਾ ਕਿ ਪ੍ਰਦਰਸ਼ਨਕਾਰੀਆਂ ਦੀ ਕੋਸ਼ਿਸ਼ ਅਸਫਲ ਰਹੀ।

# ਅਮਨ ਅਰੋੜਾ ਨੇ 200 ਗ੍ਰੈਜੂਏਟ ਅਤੇ 50 ਪੋਸਟ ਗ੍ਰੈਜੂਏਟ ਵਿਦਿਆਰਥੀਆਂ ਨੂੰ ਡਿਗਰੀਆਂ ਸੌਂਪੀਆਂ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਪੰਜਾਬ ਦੇ ਰੋਜ਼ਗਾਰ ਉਤਪਤੀ ਤੇ ਸਿਖਲਾਈ ਅਤੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਸ੍ਰੀ ਅਮਨ ਅਰੋੜਾ ਨੇ ਕੁਐਸਟ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਕਾਨਵੋਕੇਸ਼ਨ ਸਮਾਗਮ ਵਿੱਚ 200 ਗ੍ਰੈਜੂਏਟ ਅਤੇ 50 ਪੋਸਟ ਗ੍ਰੈਜੂਏਟ ਵਿਦਿਆਰਥੀਆਂ ਨੂੰ ਡਿਗਰੀਆਂ ਵੰਡੀਆਂ।ਸ੍ਰੀ ਅਮਨ ਅਰੋੜਾ ਨੇ ਲਾਅ ਭਵਨ, ਸੈਕਟਰ 37, ਚੰਡੀਗੜ੍ਹ ਵਿਖੇ ਕਾਨਵੋਕੇਸ਼ਨ ਸਮਾਗਮ ਨੂੰ ਸੰਬੋਧਨ ਕਰਦਿਆਂ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

ਵਿਦਿਆਰਥੀਆਂ ਨੂੰ ਸਫ਼ਲਤਾ ਦਾ ਮੂਲਮੰਤਰ ਦਿੰਦਿਆਂ ਉਨ੍ਹਾਂ ਕਿਹਾ ਕਿ ਕੋਈ ਵੀ ਕੰਮ ਅਸੰਭਵ ਨਹੀਂ ਹੁੰਦਾ। ਇਸ ਲਈ ਵੱਡੇ ਸੁਪਨੇ ਦੇਖੋ ਅਤੇ ਉਨ੍ਹਾਂ ਨੂੰ ਸਾਕਾਰ ਕਰਨ ਲਈ ਸਖ਼ਤ ਮਿਹਨਤ ਕਰੋ। ਕਦੇ ਵੀ ਹਾਰ ਨਾ ਮੰਨੋ ਅਤੇ ਆਪਣੇ ਟੀਚਿਆਂ



ਨੂੰ ਹਾਸਲ ਕਰਨ ਲਈ ਨਿਰੰਤਰ ਯਤਨ ਕਰਦੇ ਰਹੋ।ਸ੍ਰੀ ਅਮਨ ਅਰੋੜਾ ਨੇ ਹੁਨਰਮੰਦ ਜਵਾਨੀ ਦੀ ਵਿਦੇਸ਼ਾਂ ਨੂੰ ਹਿਜ਼ਰਤ 'ਤੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਇਸ ਰੁਝਾਨ ਕਾਰਨ ਹੋਣਹਾਰ ਅਤੇ ਪੜ੍ਹੇ-ਲਿਖੇ ਮਨੁੱਖੀ ਵਸੀਲਿਆਂ ਦਾ ਭਾਰੀ ਨੁਕਸਾਨ ਹੋ ਰਿਹਾ ਹੈ। ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇਸ ਰੁਝਾਨ ਨੂੰ ਠੱਲ੍ਹ ਪਾਉਣ ਅਤੇ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰਨ ਲਈ ਸਖ਼ਤ ਮਿਹਨਤ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਆਪਣੇ ਪਹਿਲੇ ਸਾਲ ਦੌਰਾਨ ਹੀ 26,797 ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ।ਇਸ ਮੌਕੇ ਰਜਿਸਟਰਾਰ ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਡਾ. ਐਸ.ਕੇ. ਮਿਸ਼ਰਾ, ਚੇਅਰਮੈਨ ਕੁਐਸਟ ਗਰੁੱਪ ਸ੍ਰੀ ਡੀ.ਐਮ. ਹਾਜਰ ਸਨ।

# ਗੈਂਗਸਟਰ ਲਾਰੈਂਸ ਬਿਸ਼ਨੋਈ ਨਾਲ ਟੀ.ਵੀ. ਮੁਲਾਕਾਤ ਦੀ ਜੁਡੀਸ਼ੀਅਲ ਜਾਂਚ ਕਰਾਵੀ ਜਾਵੇ: ਢੀਂਡਸਾ

ਮਾਲੇਰਕੋਟਲਾ, -ਰੋਜ਼ਾਨਾ ਸਵੇਰਾ-

ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਮੁੱਖ ਬੁਲਾਰੇ ਅਤੇ ਸਾਬਕਾ ਵਿੱਤ ਮੰਤਰੀ ਸ. ਪਰਮਿੰਦਰ ਸਿੰਘ ਢੀਂਡਸਾ ਨੇ ਅੱਜ ਇਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਰਹੂਮ ਮੈਂਬਰ ਜਥੇਦਾਰ ਜੈਪਾਲ ਸਿੰਘ ਮੰਡੀਆਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਮੌਕੇ ਕਿਹਾ ਕਿ ਬਠਿੰਡਾ ਜੇਲ੍ਹ 'ਚ ਬੰਦ ਗੈਂਗਸਟਰ ਲਾਰੈਂਸ ਬਿਸਨੋਈ ਦੀ ਇਕ ਟੀ.ਵੀ. ਚੈਨਲ 'ਤੇ ਨਸ਼ਰ ਹੋਈ ਇੰਟਰਵਿਊ ਦੀ ਹਾਈਕੋਰਟ ਦੀ ਨਿਗਰਾਨੀ ਹੇਠ ਨਿਰਪੱਖ ਜੁਡੀਸ਼ੀਅਲ ਜਾਂਚ ਕਰਵਾਈ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਹ ਸਭ ਮਰਹੂਮ ਸਿੱਧੂ ਮੂਸੇਵਾਲਾ ਨੂੰ ਬਦਨਾਮ ਕਰਨ



ਲਈ ਕੀਤਾ ਗਿਆ ਜਾਪਦਾ ਹੈ।ਪੰਜਾਬ ਦੇ ਮੌਜੂਦਾ ਸਿਆਸੀ ਹਾਲਾਤ ਵਿਚ ਪੰਥ ਅਤੇ ਪੰਜਾਬ ਹਿਤੈਸੀ ਕਿਸੇ ਸਿਆਸੀ ਧਿਰ ਦੀ ਅਣਹੋਂਦ ਕਾਰਨ ਪਾਈ ਜਾ ਰਹੀ ਬੇਚੈਨੀ ਲਈ ਸ. ਸੁਖਬੀਰ ਸਿੰਘ ਬਾਦਲ ਦੀ ਹਉਮੈ ਨੂੰ ਮੁੱਖ ਦੋਸ਼ੀ ਦਸਦਿਆਂ ਸ. ਢੀਂਡਸਾ ਨੇ ਸਪੱਸ਼ਟ ਕੀਤਾ ਕਿ ਪੰਥ ਅਤੇ ਪੰਜਾਬ ਦਾ ਭਲਾ ਲੋਚਦੀ ਕਿਸੇ ਵੀ ਪੰਥਕ ਸਿਆਸੀ ਧਿਰ ਦੇ ਗਠਿਨ ਲਈ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਹਰ ਕੁਰਬਾਨੀ ਕਰਨ ਲਈ ਤਿਆਰ ਹੈ ਪ੍ਰੰਤੂ ਸ. ਸੁਖਬੀਰ ਸਿੰਘ ਬਾਦਲ ਆਪਣੀ ਹੀ ਬਣਾਈ ਝੂੰਦਾਂ ਕਮੇਟੀ ਦੀਆਂ ਸਿਫਾਰਸ਼ਾਂ ਦੇ ਬਾਵਜੂਦ ਪ੍ਰਧਾਨਗੀ ਛੱਡਣ ਲਈ ਤਿਆਰ ਨਹੀਂ ਹਨ।

# ਲੰਪੀ ਸਕਿਨ ਬੀਮਾਰੀ ਤੋਂ ਬਚਾਅ ਲਈ ਮੈਗਾ ਟੀਕਾਕਰਨ ਮੁਹਿੰਮ: ਪਸ਼ੂ ਪਾਲਣ ਵਿਭਾਗ ਨੇ ਸੂਬੇ ਦੀਆਂ 18.50 ਲੱਖ ਗਾਵਾਂ ਨੂੰ ਲਗਾਏ ਟੀਕੇ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਪੰਜਾਬ ਦੇ ਪਸ਼ੂ ਪਾਲਣ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਅੱਜ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਲੰਪੀ ਸਕਿਨ ਬੀਮਾਰੀ ਤੋਂ ਪਸ਼ੂਆਂ ਦੇ ਅਗਾਊਂ ਬਚਾਅ ਲਈ 15 ਫ਼ਰਵਰੀ, 2023 ਨੂੰ ਸ਼ੁਰੂ ਕੀਤੀ ਗਈ ਮੈਗਾ ਟੀਕਾਕਰਨ ਮੁਹਿੰਮ ਤਹਿਤ ਸੂਬੇ ਦੀਆਂ 25 ਲੱਖ ਗਾਵਾਂ ਨੂੰ ਵੈਕਸੀਨ ਲਾਉਣ ਦਾ ਟੀਚਾ ਮਿਥਿਆ ਗਿਆ ਸੀ ਜਿਸ ਨੂੰ ਹੁਣ ਤੱਕ 75 ਫ਼ੀਸਦੀ ਮੁਕੰਮਲ ਕਰ ਲਿਆ ਗਿਆ ਹੈ।ਇਥੇ ਜਾਰੀ ਬਿਆਨ ਵਿੱਚ ਕੈਬਨਿਟ ਮੰਤਰੀ ਨੇ ਦੱਸਿਆ ਕਿ



ਵਿਭਾਗ ਵੱਲੋਂ ਇਸ ਬੀਮਾਰੀ ਤੋਂ ਬਚਾਅ ਲਈ 18 ਲੱਖ 50 ਹਜ਼ਾਰ ਤੋਂ ਵੱਧ ਪਸ਼ੂਆਂ ਨੂੰ ਟੀਕਾ ਲਗਾਇਆ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਹਾਲ ਹੀ ਵਿੱਚ 300 ਦੇ ਕਰੀਬ ਵੈਟਰਨਰੀ ਅਫ਼ਸਰਾਂ ਦੀ ਭਰਤੀ ਕੀਤੀ ਗਈ ਹੈ ਅਤੇ ਉਹ ਆਪਣੀ ਡਿਊਟੀ ਜੁਆਇਨ ਕਰ ਚੁੱਕੇ ਹਨ।

ਉਨ੍ਹਾਂ ਕਿਹਾ ਕਿ ਨਵੇਂ ਭਰਤੀ ਕੀਤੇ ਇਹ ਅਧਿਕਾਰੀ 30 ਅਪ੍ਰੈਲ, 2023 ਦੀ ਨਿਰਧਾਰਤ ਸਮਾਂ ਸੀਮਾ ਤੋਂ ਪਹਿਲਾਂ ਟੀਕਾਕਰਨ ਮੁਹਿੰਮ ਨੂੰ ਨੇਪਰੇ ਚੜ੍ਹਾਉਣ ਵਿੱਚ ਮਦਦ ਕਰਨਗੇ।ਉਨ੍ਹਾਂ ਕਿਹਾ ਕਿ ਸੂਬੇ ਦੇ ਪਸ਼ੂਆਂ ਦੀ ਸਿਹਤ ਸੰਭਾਲ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੇ ਮਕਸਦ ਨਾਲ 300 ਵੈਟਰਨਰੀ ਅਫ਼ਸਰਾਂ ਦੇ ਇੱਕ ਹੋਰ ਬੈਚ ਸਮੇਤ 644 ਵੈਟਰਨਰੀ ਇੰਸਪੈਕਟਰਾਂ ਦੀ ਭਰਤੀ ਵਿਭਾਗ ਵੱਲੋਂ ਪ੍ਰਕਿਰਿਆ ਅਧੀਨ ਹੈ।

# ਜੀ.ਪੀ.ਐੱਸ ਬਨਭੌਰਾ ਦਾ ਪਲੇਠਾ ਤੇ ਨਿਵੇਕਲਾ ਸਲਾਨਾ ਸਮਾਗਮ

## ਨਾਨੀ ਤੇਰੀ ਮੋਰਨੀ ਕੋ ਮੋਰ ਲੇ ਗਏ, ਬਾਕੀ ਜੋ ਬਚਾ ਥਾ ਕਾਲੇ ਚੋਰ ਲੇ ਗਏ

ਮਾਲੇਰਕੋਟਲਾ,
-ਰੋਜ਼ਾਨਾ ਸਵੇਰਾ-

)ਤੁਸੀਂ ਪ੍ਰਾਈਵੇਟ ਸਕੂਲਾਂ ਦੇ ਬੱਚਿਆਂ ਦੇ ਸ਼ੋਸ਼ਲ ਗਤੀਵਿਧੀਆਂ ਸਬੰਧੀ ਪ੍ਰੋਗਰਾਮ ਤਾਂ ਅਕਸਰ ਦੇਖੇ ਹੋਣਗੇ ਪਰ ਸਰਕਾਰੀ ਪ੍ਰਾਇਮਰੀ ਸਕੂਲਾਂ ਚ ਪੜ੍ਹਦੇ ਨਿੱਕੇ ਨਿੱਕੇ ਬੱਚਿਆਂ ਵੱਲੋਂ ਕਰਵਾਏ ਕਿਸੇ ਅਜਿਹੇ ਸਮਾਗਮ ਜਿਸ ਵਿੱਚ ਜਿਲ੍ਹਾ ਪੱਧਰੀ ਅਧਿਕਾਰੀਆਂ ਨੇ ਸਮੂਲੀਅਤ ਕੀਤੀ ਹੋਏ ਸਾਇਦ ਹੀ ਕਦੇ ਦੇਖਿਆ ਹੋਵੇ।ਪਰ 2001 ਤੋਂ ਬਾਅਦ ਅਜਿਹਾ ਹੀ ਇੱਕ ਦਿਲਚਸਪ, ਪ੍ਰਭਾਵਸ਼ਾਲੀ ਤੇ ਨਿਵੇਕਲੀ ਕਿਸਮ ਦਾ ਪਹਿਲਾ ਸਮਾਗਮ ਮਾਲੇਰਕੋਟਲਾ ਦੇ ਨਜ਼ਦੀਕੀ ਪਿੰਡ ਬਨਭੌਰਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਸੈਂਟਰ ਹੈੱਡ ਟੀਚਰ ਹਰਜਿੰਦਰ ਸਿੰਘ ਦੀ ਅਗਵਾਈ ਵਿੱਚ ਸਮੁੱਚੇ ਸਟਾਫ ਦੇ ਆਪਣੇ-ਆਪ ਵੱਲੋਂ ਕੁਝ ਵੱਖਰਾ ਕਰਕੇ ਦਿਖਾਉਣ ਦੇ ਮਨੋਰਥ ਨੂੰ ਪੂਰਾ ਕਰਨ ਦੇ ਦ੍ਰਿੜ ਇਰਾਦੇ ਸਦਕਾ ਪਿੰਡ ਵਾਸੀਆਂ ਦੇ ਸਹਿਯੋਗ ਸਦਕਾ ਕਰਵਾਇਆ ਗਿਆ ਜਿਸ ਨੂੰ ਸਫਲ ਬਣਾਉਣ ਲਈ ਅਧਿਆਪਕਾਂ ਵੱਲੋਂ ਬਚਿਆਂ ਨੂੰ ਸਮਾਗਮ ਵਾਸਤੇ ਪ੍ਰਾਈਵੇਟ ਸਕੂਲਾਂ ਦੀ ਤਰਾਂ ਰੰਗ ਬਰੰਗੀਆਂ ਡਰੈੱਸਾਂ ਪਹਿਨਾਅ ਕੇ ਤਿਆਰੀ ਕਰਵਾਈ ਗਈ।ਸਮਾਗਮ ਵਿੱਚ ਜਿਲ੍ਹੇ ਦੇ ਅਸਿਸਟੈਂਟ ਕਮਿਸ਼ਨਰ ਜਰਨਲ



ਸ਼ਿਕਾਇਤਾਂ ਸ੍ਰੀ ਗੁਰਮੀਤ ਕੁਮਾਰ ਪੀ.ਸੀ.ਐਸ ਅਤੇ ਜਿਲ੍ਹਾ ਸਿੱਖਿਆ ਅਫਸਰ(ਪ੍ਰਾਇਮਰੀ) ਸ੍ਰੀ ਮੁਹੰਮਦ ਖਲੀਲ਼ ਵੱਲੋਂ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਦਿਆਂ ਨੰਨੇ-ਮੁੰਨੇ ਬੱਚਿਆਂ ਨੂੰ ਜਿੱਥੇ ਅਸ਼ੀਰਵਾਦ ਦਿੱਤਾ ਉਥੇ ਹੀ ਉਨ੍ਹਾਂ ਵੱਖ ਵੱਖ ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਟਰਾਫੀਆਂ ਵੰਡ ਕੇ ਸਨਮਾਨਿਤ ਵੀ ਕੀਤਾ।ਇਸ ਮੌਕੇ ਸੰਬੋਧਨ ਕਰਦਿਆਂ ਅਸਿਸਟੈਂਟ ਕਮਿਸ਼ਨਰ ਜਰਨਲ ਸ਼ਿਕਾਇਤਾਂ ਨੇ ਕਿਹਾ ਕਿ ਅਜਿਹੇ ਪ੍ਰੋਗਰਾਮ ਕਰਵਾਉਣ ਨਾਲ ਬੱਚਿਆਂ ਵਿੱਚ ਮੁਕਾਬਲੇ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਉਨ੍ਹਾਂ ਵਿੱਚ ਆਤਮਵਿਸ਼ਵਾਸ਼ ਵਧਦਾਹੈ।ਪੱਤਰਕਾਰਾਂ ਵੱਲੋਂ ਉਨ੍ਹਾਂ ਕੋਲੋਂ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਅਜਿਹੇ ਸਮਾਗਮ ਨਾ ਹੋਣ ਦੇ ਕਾਰਨਾਂ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਵਿੱਚ ਸਰਕਾਰੀ ਸਕੂਲਾਂ ਨੂੰ ਅਜਿਹੇ ਸਮਾਗਮ ਕਰਵਾਉਣ ਲਈ ਕੋਈ ਆਰਥਿਕ ਸਹਾਇਤਾ ਸਰਕਾਰ ਵੱਲੋਂ ਨਾ ਮਿਲਣਾ ਮੁੱਖ ਕਾਰਨ ਹੈ ਪ੍ਰੰਤੂ ਉਹ ਇਸ ਸਬੰਧੀ ਪੰਜਾਬ ਸਰਕਾਰ ਨੂੰ ਲਿਖ ਕੇ ਜਰੂਰ ਭੇਜਣਗੇ।ਜਿਲ੍ਹਾ ਸਿੱਖਿਆ ਅਫਸਰ (ਪ੍ਰਾਇਮਰੀ) ਸ੍ਰੀ ਮੁਹੰਮਦ ਖਲੀਲ ਨੇ ਇਸ ਮੌਕੇ ਸਮਾਗਮ ਦੇ ਪ੍ਰਬੰਧਕਾਂ ਦੀ ਤਾਰੀਫ਼ ਕਰਦਿਆਂ ਉਨ੍ਹਾਂ ਸਕੂਲ ਵਿੱਚ ਕਮਰਾ ਬਣਾਉਣ ਲਈ ਸਾਢੇ ਛੇ ਲੱਖ ਰੁਪਏ ਦਾ ਐਲਾਨ ਕੀਤਾ ਅਤੇ ਕੁੱਝ ਹੀ ਦਿਨਾਂ ਚ ਭੇਜਣ ਦਾ ਵਾਅਦਾ ਕੀਤਾ।ਇਕ ਨਿੱਕੀ ਪਰ ਚੁਲਬੁਲੀ ਜਿਹੀ ਬੱਚੀ ਦੇ ਸੋਲੋ ਡਾਂਸ ਨੂੰ ਦੇਖ ਕੇ ਡੀ ਈ ਓ ਪ੍ਰਾਇਮਰੀ ਮਾਈਕ ਵਿੱਚ ਉਸਦੀ ਤਾਰੀਫ ਕਰਨੋ ਨਹੀਂ ਰਹਿ ਸਕੇ ਉਨ੍ਹਾ ਵਿਸ਼ੇਸ਼ ਤੌਰ ਤੇ ਬੱਚੀ ਨੂੰ ਸਰਾਹਿਆ।ਸੈਂਟਰ ਹੈੱਡ ਟੀਚਰ ਹਰਜਿੰਦਰ ਸਿੰਘ ਵੱਲੋਂ ਸਕੂਲ ਦੀ ਸਲਾਨਾ ਪ੍ਰਗਤੀ ਰਿਪੋਰਟ ਪੜ੍ਹ ਕੇ ਸੁਣਾਈ ਅਤੇ ਸਕੂਲ ਵੱਲੋਂ ਪਹਿਲੀ ਵਾਰ ਸਮੂਲੀਅਤ ਕਰਕੇ ਕੀਤੀਆਂ ਪ੍ਰਾਪਤੀਆਂ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਉਨ੍ਹਾਂ ਸਕੂਲ ਦੀਆਂ ਮੁੱਖ ਮੰਗਾਂ ਸਬੰਧੀ ਵੀ ਮੁੱਖ ਮਹਿਮਾਨ ਅੱਗੇ ਰੱਖੀਆਂ ਜਿਨ੍ਹਾਂ ਵੱਲੋਂ ਮੌਕੇ ਤੇ ਹੀ ਸਾਰੀਆਂ ਮੰਗਾਂ ਮੰਨਣ ਅਤੇ ਜਲਦੀ ਹੀ ਪੂਰੀਆਂ ਕਰਨ ਦਾ ਐਲਾਨ ਕੀਤਾ।ਇਸ ਮੌਕੇ ਛੋਟੇ ਛੋਟੇ ਬੱਚਿਆਂ ਫਤਿਹ ਸਿੰਘ, ਪ੍ਰਭਜੋਤ ਕੌਰ ਕਿਰਨਜੋਤ ਕੌਰ ਹਰਸੀਰਤ ਕੌਰ ਅਮਨਜੋਤ ਕੌਰ ਵੱਲੋਂ ਵੱਖ ਵੱਖ ਗਤੀਵਿਧੀਆਂ ਨਾਲ ਸਬੰਧਤ ਆਈਟਮਾਂ ਪੇਸ਼ ਕੀਤੀਆਂ ਗਈਆਂ ਜਿਨ੍ਹਾਂ ਨੂੰ ਦਰਸ਼ਕਾਂ ਵੱਲੋਂ ਕਾਫੀ ਸਲਾਹਿਆ ਗਿਆ।ਇਸ ਮੌਕੇ ਸਟੇਜ ਸਕੱਤਰ ਦੀ ਸੇਵਾ ਮਾ ਬਲਜੀਤ ਸਿੰਘ ਭੈਣੀ ਵੱਲੋਂ ਬਾਖੂਬੀ ਨਿਭਾਉਂਦੇ ਹੋਏ ਆਪਣੀ ਸ਼ਾਇਰੀ ਨਾਲ ਦਰਸ਼ਕਾਂ ਨੂੰ ਹਸਾਉਂਦੇ ਰਹੇ।ਇਸ ਮੌਕੇ ਜਿਲ੍ਹਾ ਕੋਆਰਡੀਨੇਟਰ ਅਮ੍ਰਿਤਪਾਲ ਸਿੰਘ, ਮੈਡਮ ਰਮਨਦੀਪ ਕੌਰ ਤੇ ਸ੍ਰੀਮਤੀ ਕਿਰਨਜੀਤ ਕੌਰ ਸ.ਸ.ਸ.ਸ ਬਨਭੌਰਾ, ਸੁਖਦੇਵ ਸਿੰਘ ਚੇਅਰਮੈਨ ਐਸ.ਐਮ.ਸੀ, ਮਾ ਕੁਲਵੰਤ ਸਿੰਘ ਪੰਜਗਰਾਈ, ਕੁਲਵਿੰਦਰ ਸਿੰਘ ਕਾਤਰੋਂ, ਜਗਜੀਤਪਾਲ ਸਿੰਘ ਟਿੱਬਾ, ਜਸਵੀਰ ਸਿੰਘ ਰਾਣਾ, ਮਾ ਰਾਮ ਸਰੂਪ ਸਿੰਘ,ਮਾ ਮੇਜਰ ਸਿੰਘ, ਮਾ ਬਲਜੀਤ ਸਿੰਘ ਸੈਂਟਰ ਹੈੱਡ ਟੀਚਰ ਭੈਣੀ ਕਲਾਂ, ਮਾ ਹਰਤੇਜ ਸਿੰਘ ਸੈਂਟਰ ਹੈੱਡ ਟੀਚਰ ਤੋਲੇਵਾਲ, ਮਾ ਹਰਦੀਪ ਸਿੰਘ ਲਾਂਗੜੀਆਂ,ਮਾ ਰੁਪਿੰਦਰ ਸਿੰਘ ਸਲਾਰ, ਮਾ ਬਲਵੀਰ ਸਿੰਘ ਖੇੜੀ,ਮਾ ਕੁਲਵਿੰਦਰ ਸਿੰਘ ਜੈਨਪੁਰ, ਮਾ ਰਜਿੰਦਰ ਸਿੰਘ ਢਢੋਗਲ, ਗੁਰਜੰਟ ਸਿੰਘ, ਸ੍ਰੀ ਦੇਸ ਰਾਜ ਘਈ, ਸੁਖਦੀਪ ਸਿੰਘ ਗੋਲਡੀ, ਸਪਿੰਦਰ ਸਿੰਘ ਪੰਚ, ਮਨਜੀਤ ਸਿੰਘ ਨੰਬਰਦਾਰ, ਜਗਰੂਪ ਸਿੰਘ, ਮੈਡਮ ਪਰਮਿੰਦਰ ਕੌਰ, ਮੈਡਮ ਸੁਖਵਿੰਦਰ ਕੌਰ, ਮੈਡਮ ਪਰਮਜੀਤ ਕੌਰ, ਸ੍ਰੀਮਤੀ ਪਰਮਜੀਤ ਕੌਰ ਆਂਗਨਵਾੜੀ ਵਰਕਰ ਤੇ ਹੈਲਪਰ, ਸਮੂਹ ਸਟਾਫ ਹਰਜਿੰਦਰ ਸਿੰਘ ਹੈੱਡ ਟੀਚਰ, ਸ੍ਰੀਮਤੀ ਸੁਖਵੀਰ ਕੌਰ, ਸ੍ਰੀਮਤੀ ਅਮਰਦੀਪ ਕੌਰ, ਨਰਿੰਦਰ ਪਾਲ, ਸ੍ਰੀਮਤੀ ਸਰਪ੍ਰੀਤ ਕੌਰ, ਨਵਜੋਤ ਕੌਰ ਅਤੇ ਵੱਡੀ ਗਿਣਤੀ ਪਿੰਡ ਵਾਸੀਆਂ ਵੱਲੋਂ ਸਮਾਗਮ ਵਿੱਚ ਸ਼ਿਰਕਤ ਕੀਤੀ।

# ਮੁੱਢਲਾ ਸਿਹਤ ਕੇਂਦਰ ਕੌਲੀ ਵਿਖੇ ਬੇਟੀ ਬਚਾਓ ਪੀਸੀਪੀਐਨਡੀਟੀ ਤਹਿਤ ਬਲਾਕ ਪੱਧਰੀ ਵਰਕਸ਼ਾਪ




:ਪੇਂਟਿੰਗ ਮੁਕਾਬਲੇ ਵਿੱਚ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕਰਦੇ ਹੋਏ ਐਸਐਮਓ ਡਾ: ਗੁਰਪ੍ਰੀਤ ਸਿੰਘ ਨਾਗਰਾ, ਬੀਈਈ ਸਰਬਜੀਤ ਸਿੰਘ ਤੇ ਨਾਲ ਵਰਕਸ਼ਾਪ ਦੌਰਾਨ ਹਾਜਰੀਨ।

ਪਟਿਆਲਾ,
-ਰੋਜ਼ਾਨਾ ਸਵੇਰਾ-

ਮੁੱਢਲਾ ਸਿਹਤ ਕੇਂਦਰ ਕੌਲੀ ਵਿਖੇ ਕਾਰਜ਼ਕਾਰੀ ਸਿਵਲ ਸਰਜਨ ਡਾ: ਸੰਦੀਪ ਕੌਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਸੀਨੀਅਰ ਮੈਡੀਕਲ ਅਫਸਰ ਡਾ: ਗੁਰਪ੍ਰੀਤ ਸਿੰਘ ਨਾਗਰਾ ਦੀ ਅਗਵਾਈ ਵਿੱਚ ਬੇਟੀ ਬਚਾਓ ਪੀਸੀ.:ਪੀਐਨਡੀਟੀ ਤਹਿਤ ਬਲਾਕ ਪੱਧਰੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।

ਇਕੱਠ ਨੂੰ ਸੰਬੋਧਨ ਕਰਦਿਆਂ ਐਸਐਮਓ ਡਾ: ਗੁਰਪ੍ਰੀਤ ਸਿੰਘ ਨਾਗਰਾ ਨੇ ਕਿਹਾ ਕਿ ਲਿੰਗ ਅਨੁਪਾਤ ਵਿੱਚ ਸੁਧਾਰ ਲਿਆਉਣ ਦੇ ਲਈ ਸਾਨੂੰ ਸਾਰਿਆਂ ਨੂੰ ਆਪਣੀ ਮਾਨਸਿਕ ਸੋਚ ਬਦਲਣ ਦੀ ਜਰੂਰਤ ਹੈ। ਉਨ੍ਹਾਂ ਕਿਹਾ ਕਿ ਲੜਕੀਆਂ ਤੋਂ ਬਿਨ੍ਹਾਂ ਮਨੁੱਖਤਾ ਦੀ ਹੋਂਦ ਸੰਭਵ ਹੀ ਨਹੀ ਹੈ। ਇਸ ਲਈ ਸਮਾਜ ਵਿਚ ਪੀਸੀਪੀਐਨਡੀਟੀ ਐਕਟ ਨੂੰ ਸਖਤੀ ਨਾਲ ਲਾਗੂ ਕਰਨ ਸਦਕਾ ਭਾਵੇਂ ਲਿੰਗ ਅਨੁਪਾਤ ਵਿਚ ਕਾਫੀ ਸੁਧਾਰ ਹੋਇਆ ਹੈ ਪ੍ਰੰਤੂ ਅਜੇ ਹੋਰ ਸੁਧਾਰ ਲਈ ਕੁੜੀਆਂ ਪ੍ਰਤੀ ਮਾਨਸਿਕ ਸੋਚ ਬਦਲਣ ਦੀ ਲੋੜ ਹੈ।

ਮੈਡੀਕਲ ਅਫਸਰ ਡਾ: ਰਵਨੀਤ ਕੌਰ ਅਤੇ ਡਾ: ਨਵਜੋਤ ਸਿੰਘ ਨੇ ਭਰੂਣ ਹੱਤਿਆਂ ਕਰਨ ਦੇ ਸਮਾਜਿਕ ਪਹਿਲੂਆਂ, ਵਾਰ ਵਾਰ ਗਰਭਪਾਤ ਕਰਵਾਉਣ ਨਾਲ ਔਰਤਾਂ ਨੂੰ ਹੋਣ ਵਾਲੇ ਸ਼ਰੀਰਿਕ ਨੁਕਸ, ਪੀਸੀਪੀਐਨਡੀਟੀ ਤਹਿਤ ਗਰਭਪਾਤ ਕਰਵਾਉਣ ਵਾਲਿਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਜ਼ਾਵਾਂ, ਆਰਬੀਐਸਕੇ ਤਹਿਤ ਸਰਕਾਰੀ ਅਤੇ ਮਾਨਤਾ ਪ੍ਰਾਪਤ ਸਕੂਲਾਂ ਵਿੱਚ ਪਹਿਲੀ ਤੋਂ ਬਾਹਰਵੀਂ ਜਮਾਤ ਵਿੱਚ ਪੜਦੇ ਬੱਚਿਆਂ ਦਾ 32 ਬਿਮਾਰੀਆਂ ਤੱਕ ਦਾ ਮੁਫਤ ਇਲਾਜ਼ ਆਦਿ ਬਾਰੇ ਜਾਗਰੂਕ ਕੀਤਾ ਗਿਆ। ਬਲਾਕ ਐਕਸਟੈਂਸ਼ਨ ਐਜੂਕੇਟਰ ਸਰਬਜੀਤ ਸਿੰਘ ਸੈਣੀ ਵੱਲੋਂ ਲਿੰਗ ਦੀ ਜਾਂਚ ਕਰਵਾਉਣ ਲਈ ਉਕਸਾਉਣ ਜਾਂ ਲਿੰਗ ਜਾਂਚ ਕਰਨ ਵਾਲੇ ਦੀ ਸੂਚਨਾ ਸਿਹਤ ਵਿਭਾਗ ਨੂੰ ਦੇਣ ਅਤੇ ਕੀਤੇ ਜਾਣ ਵਾਲੇ ਜੁਰਮਾਨੇ, ਸਜ਼ਾਵਾਂ, ਬਾਲੜੀ ਰਕਸ਼ਕ ਯੋਜਨਾ, ਲੜਕੀਆਂ ਨੂੰ ਵਧੀਆਂ ਸਿੱਖਿਆ ਪ੍ਰਦਾਨ ਕਰਕੇ ਉਨ੍ਹਾਂ ਨੂੰ ਸਮਾਜ਼ ਵਿੱਚ ਉਚਾ ਦਰਜ਼ਾ ਦੇਣ ਅਤੇ ਲੜਕੀਆਂ ਦੀ ਜਨਮ ਦਰ ਵਧਾਉਣ ਉਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਅੱਜ ਡਾਕਟਰ, ਇੰਜੀਨੀਅਰ, ਪਾਇਲਟ, ਪੁਲਾੜ ਦੀ ਯਾਤਰਾ, ਅਧਿਆਪਕ ਤੇ ਹੋਰ ਸਿਵਲ ਤੇ ਪ੍ਰਸ਼ਾਸ਼ਨਿਕ ਖੇਤਰ ਵਿੱਚ ਲੜਕੀਆਂ ਨੇ ਆਪਣੀ ਮਿਹਨਤ ਦ ਬਦੌਲਤ ਮੱਲ੍ਹ ਮਾਰੀਆਂ ਹਨ।

ਅਖੀਰ ਦਹੇਜ਼ ਪ੍ਰਥਾ ਵਰਗੀਆਂ ਸਮਾਜਿਕ ਲਾਹਨਤਾਂ ਨੂੰ ਦੂਰ ਕਰਨ, ਲੜਕੀਆਂ ਨੂੰ ਬੋਝ ਨਾ ਸਮਝ ਕੇ ਉਨ੍ਹਾਂ ਦਾ ਪਾਲਣ ਪੋਸ਼ਨ, ਲੜਕਿਆਂ ਦੇ ਬਰਾਬਰ ਕਰਨ ਤੇ ਜ਼ੋਰ ਦਿੱਤਾ। ਇਸ ਮੌਕੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਕੌਲੀ ਵਿੱਚ ਕਰਵਾਏ ਗਏ ਪੇਂਟਿੰਗ ਮੁਕਾਬਲੇ ਵਿੱਚ ਵਿਦਿਆਰਥੀ ਆਂਚਲ, ਜ਼ਸਮੀਤ ਕੌਰ, ਖੁਸ਼ਪ੍ਰੀਤ ਕੌਰ ਅਤੇ ਰਾਜਬੀਰ ਸਿੰਘ ਦੇ ਕ੍ਰਮਵਾਰ ਪਹਿਲਾ, ਦੂਜਾ, ਤੀਜ਼ਾ ਸਥਾਨ ਪ੍ਰਾਪਤ ਕਰਨ ਉਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੀਐਚਓ ਮਨਪ੍ਰੀਤ ਕੌਰ, ਐਲਐਚਵੀ ਪੂਨਮ ਵਾਲੀਆ, ਏਐਨਐਮ ਸੁਮਨਦੀਪ ਕੌਰ, ਪਰਮਜੀਤ ਕੌਰ, ਬੇਅੰਤ ਕੌਰ, ਸੁਖਜੀਤ ਕੌਰ, ਆਸ਼ਾ ਵਰਕਰ, ਆਂਗਨਵਾੜੀ ਵਰਕਰ, ਗਰਭਵਤੀ ਔਰਤਾਂ, ਦੁੱਧ ਪਿਲਾਉਂਦੀਆਂ ਮਾਵਾਂ, ਐਨਜੀਓਜ਼ ਸਮੇਤ ਹੋਰਨਾ ਨੇ ਸ਼ਿਰਕਤ ਕੀਤੀ।

ਦਫਤਰ ਨਗਰ ਪੰਚਾਇਤ, ਭਾਈਰੂਪਾ (ਬਠਿੰਡਾ)
ਸਵੱਛ ਭਾਰਤ ਮਿਸ਼ਨ
स्वच्छ भारत
एक कदम स्वच्छता की ओर
ਇਸ਼ਤਿਹਾਰ

☛ ਘਰਾਂ ਦਾ ਕੂੜਾ ਗਿੱਲਾ ਅਤੇ ਸੁੱਕਾ ਅਲੱਗ ਅਲੱਗ ਕਰਕੇ ਨਗਰ ਪੰਚਾਇਤ ਦੀ ਰਿਕਸ਼ਾ ਰੇੜੀ , ਟਰਾਲੀ ਆਦਿ ਵਿੱਚ ਹੀ ਪਾਇਆ ਜਾਵੇ। ਘਰਾਂ ਦੇ ਬਾਹਰ ਰੂੜੀ ਆਦਿ ਨਾ ਲਗਾਈ ਜਾਵੇ। ਗਿੱਲੇ ਕੂੜੇ ਤੋਂ ਆਪਣੇ ਘਰਾਂ ਵਿੱਚ ਹੀ ਖਾਦ ਬਣਾਏ ਜਾਣ ਦੀ ਪ੍ਰਕਿਰਿਆ ਅਪਣਾਈ ਜਾਵੇ।

☛ ਘਰਾਂ ਦੇ ਆਲੇ ਦੁਆਲੇ ਗੰਦਾ ਪਾਣੀ ਇਕੱਠਾ ਨਾ ਹੋਣ ਦਿੱਤਾ ਜਾਵੇ ਤਾਂ ਜੋ ਗੰਦੇ ਪਾਣੀ ਤੋਂ ਪੈਦਾ ਹੋਣ ਵਾਲੇ ਮੱਛਰ ਤੋਂ ਫੈਲਣ ਵਾਲੀ ਬਿਮਾਰੀ ਅਦਿ ਤੋਂ ਬੱਚਿਆ ਜਾ ਸਕੇ।

☛ ਜਨਮ ਅਤੇ ਮੋਤ ਦਾ ਰਜਿਸਟ੍ਰੇਸ਼ਨ 21 ਦਿਨਾਂ ਦੇ ਅੰਦਰ ਅੰਦਰ ਕਰਵਾਇਆ ਜਾਵੇ।

☛ ਮਕਾਨ ਦੁਕਾਨ ਦੀ ਉਸਾਰੀ ਸੁਰੂ ਕਰਨ ਤੋਂ ਪਹਿਲਾ ਨਗਰ ਪੰਚਾਇਤ ਪਾਸੋਂ ਨਕਸ਼ਾ ਜਰੂਰ ਪਾਸ ਕਰਵਾਇਆ ਜਾਵੇ ਅਤੇ ਆਪਣੇ ਘਰਾਂ/ਦੁਕਾਨਾਂ ਦਾ ਪ੍ਰਾਪਰਟੀ ਟੈਕਸ ਜਲਦ ਤੋਂ ਜਲਦ ਭਰਿਆ ਜਾਵੇ।

☛ ਨਗਰ ਪੰਚਾਇਤ ਦੀ ਹਦੂਦ ਅੰਦਰ ਪਲਾਸਟਿਕ ਲਿਫਾਫੇ ਪੂਰੀ ਤਰ੍ਹਾਂ ਨਾਲ ਬੈਨ ਹਨ ਜੋ ਪਲਾਸਟਿਕ ਦੀ ਵਰਤੋਂ ਕਰਦਾ ਫੜਿਆ ਜਾਂਦਾ ਹੈ ਉਸ ਨੂੰ ਪਹਿਲੀ ਵਾਰ ਜੁਰਮਾਨਾਂ ਅਤੇ ਦੂਜੀ ਵਾਰ ਚਲਾਨ ਕੀਤਾ ਜਾਵੇਗਾ।

- ਸਹੀ/-
ਕਾਰਜ ਸਾਧਕ ਅਫਸਰ
ਨਗਰ ਪੰਚਾਇਤ,ਭਾਈਰੂਪਾ (ਬਠਿੰਡਾ)